# ਪੂਜਾ




"ਨਾਮਧਾਰੀ ਸਾਹਿਤ ਪ੍ਰਕਾਸ਼ਨ"
ਸ੍ਰੀ ਜੀਵਨ ਨਗਰ (ਹਿਸਾਰ)

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸਤਿਕਾਰ ਸਹਿਤ

ਸ੍ਰੀ

ਪ੍ਰੀਤਮ [redacted] ਸਿੰਘ ਜੀ [redacted] ਵਰਦੀ

ਨੂੰ

ਸਾਦਰ ਭੇਟਾ ਸਹਿਤ।

ਪ੍ਰੋ. ਪੰ. ਸਿੰ.

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਪ੍ਰਾਣ ਪੂਜਾ

ਸੰਪਾਦਕ–
ਸਵਰਨ ਸਿੰਘ ਸਨੇਹੀ

ਪ੍ਰਕਾਸ਼ਕ–
ਨਾਮਧਾਰੀ ਸਾਹਿਤ ਪ੍ਰਕਾਸ਼ਨ
ਸ੍ਰੀ ਜੀਵਨ ਨਗਰ (ਹਿਸਾਰ)

Sri Satguru Jagjit Singh Ji Elibrary NamdhariElibrary@gmail.com

ਸਭ ਹੱਕ ਰਾਖਵੇਂ ਹਨ

ਨਾਮਧਾਰੀ ਸਾਹਿਤ ਪ੍ਰਕਾਸ਼ਨ
ਸ੍ਰੀ ਜੀਵਨ ਨਗਰ (ਹਿਸਾਰ)

ਪਹਿਲੀ ਵਾਰ ਜੂਨ ੧੯੬੭ ੧੦੦੦
ਮੁੱਲ ਇਕ ਰੁਪਿਆ ਪੰਜਾਹ ਪੈਸੇ

ਦੋ ਰੁਪਏ
ਮੁੱਲ

ਪ੍ਰਿੰਟਰ–ਜਗਦੀਸ਼ ਰਾਏ ਗੁਪਤਾ
ਰੀਪਬਲਿਕ ਪ੍ਰਿੰਟਿੰਗ ਪ੍ਰੈਸ,
ਬਾਜ਼ਾਰ ਸਰਾਇ ਗੁਰੂ ਰਾਮਦਾਸ, ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

# ਲੇਖ ਸ਼ੀਸ਼ਾ


| ਕਿੰਨਵਾਂ | ਕੀ | ਕਿਸਦਾ | ਕਿਥੇ |
|---|---|---|---|
| ੧. | ਸਮਰਪਣ | | ੫ |
| ੨. | ਸ਼ਾਕਾਹਾਰ ਸਬੰਧੀ | ਸਵ: ਰਾਸ਼ਟ੍ਰਪਤੀ ਡਾ: ਰਾਜਿੰਦਰ ਪ੍ਰਸ਼ਾਦ | ੬ |
| ੩. | ਸੰਦੇਸ਼ | ਸ੍ਰੀ ਮੋਰਾਰਜੀ ਦੇਸਾਈ | ੭ |
| ੪. | ਆਦਿਕਾ | ਸ੍ਰੀ ਸਵਰਨ ਸਿੰਘ ਸਨੇਹੀ | ੮ |
| ੫. | ਰੁਬਾਈ | ,, ,, | ੯ |
| ੬. | ਪ੍ਰਾਣ ਪੂਜਾ | ,, ,, | ੧੦ |
| ੭. | ਮਾਸ ਮਨੁਖ ਦਾ ਖਾਜ ਨਹੀਂ | ਮਾਸਟਰ ਨਿਹਾਲ ਸਿੰਘ | ੪੮ |
| ੮. | ਮਾਸ ਦੀ ਵਰਤੋਂ ਅਯੋਗ ਹੈ | ਡਾ: ਪ੍ਰਿਥਵੀਪਾਲ ਸਿੰਘ ਹੰਸਪਾਲ | ੫੮ |
| ੯. | ਜਾਪਾਨੀ ਬੋਧੀਆਂ ਵਿਚ ਮਾਂਸਾਹਾਰ | ਅਨੁ: ਸ੍ਰੀ ਸਵਰਨ ਸਿੰਘ ਸਨੇਹੀ | ੬੬ |
| ੧੦. | ਪਾਪ ! ਨਿਰਾ ਪਾਪ | ਪ੍ਰੋ: ਗੁਰਦੇਵ ਸਿੰਘ ਚਗਰ | ੭੪ |
| ੧੧. | ਮਾਂਸਾਹਾਰ ਕਿਉਂ | ਸੂ: ਦਲੀਪ ਸਿੰਘ ਨਾਮਧਾਰੀ | ੮੪ |
| ੧੨. | ਸੰਦੇਸ਼ | ਸ੍ਰੀ ਜ. ਨ. ਮਾਨਕਰ | ੯੩ |
| ੧੩. | ਆਰਯ ਸਮਾਜ ਤੇ ਮਾਂਸਾਹਾਰ | ,, ਰਾਮ ਗੋਪਾਲ | ੯੪ |
| ੧੪. | ਜਿਤੁ ਖਾਧੈ ਤਨੁ ਪੀੜੀਐ | ਪ੍ਰੋ: ਹਾਕਮ ਸਿੰਘ ਰੂਪ | ੯੫ |
| ੧੫. | ਮਾਸ ਅਤੇ ਸਿਖ | ਸ੍ਰੀ ਸੰਤੋਖ ਸਿੰਘ | ੧੦੩ |
| ੧੬. | ਸ਼ਾਕਾਹਾਰੀ ਕੁੜੀ | ਸ੍ਰੀ ਸਵਰਨ ਸਿੰਘ ਸਨੇਹੀ | ੧੧੧ |
| ੧੭. | ਸਿਖਾਂ ਵਿਚ ਮਾਂਸਾਹਾਰ | ,, ਸਵਰਨ ਸਿੰਘ ਵਿਰਕ | ੧੧੪ |
| ੧੮. | ਧਨਵਾਦ | | ੧੨੧ |


Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਸਮਰਪਣ

ਉਨ੍ਹਾਂ ਬਜ਼ੁਰਗ ਸ਼ਾਕਾਹਾਰੀਆਂ ਨੂੰ
ਜਿਨ੍ਹਾਂ ਨੇ ਮਨੁਖ ਨੂੰ
ਕੁਦਰਤੀ ਭੋਜਨ ਅਪਣਾਉਣ ਦਾ ਪ੍ਰਚਾਰ ਕਰਨ ਤੇ
ਇਸ ਨੂੰ ਉਨਤ ਕਰਨ ਲਈ
ਸਮੇਂ ਸਮੇਂ ਅਨੇਕਾਂ ਜਫ਼ਰ
ਜਾਲੇ ਤੇ ਅਸਹਿ
ਤਸੀਹੇ ਝੱਲੇ

Sri Satguru Jagjit Singh Ji Elibrary NamdhariElibrary@gmail.com

ਰਾਸ਼ਟ੍ਰਪਤੀ ਭਵਨ,
ਨਵੀਂ ਦਿਲੀ
੧੭ ਅਕਤੂਬਰ ੧੯੫੭

ਕਦੇ ਕਦੇ ਮੈਂ ਇਹ ਸੋਚਕੇ ਹੈਰਾਨ ਹੁੰਦਾ ਹਾਂ ਕਿ ਅਸੀਂ ਆਪਣੇ ਭੋਜਨ ਸਬੰਧੀ ਕਦੇ ਉਹ ਕੁਛ ਸੋਚਿਆ ਵਿਚਾਰਿਆ ਵੀ ਹੈ ਜਿਸ ਦਾ ਉਹ ਹਕਦਾਰ ਹੈ। ਜਦ, ਜਿਵੇਂ ਇਕ ਅਖਾਣ ਵੀ ਹੈ, ਅਸੀਂ ਖਾਣ ਲਈ ਨਹੀਂ ਜਿਊਂਦੇ ਸਗੋਂ ਜਿਊਣ ਲਈ ਖਾਂਦੇ ਹਾਂ ਫਿਰ ਵੀ ਸਾਡੀਆਂ ਖਾਣ ਪੀਣ ਦੀਆਂ ਆਦਤਾਂ ਸਾਡੇ ਆਲੇ ਦੁਆਲੇ ਤੇ ਜੀਵਨ ਦੀ ਆਮ ਬਾਹਰਲੀ ਤਕਣੀ ਤੇ ਘਟ ਅਸਰ ਨਹੀਂ ਰਖਦੀਆਂ। ਮੈਂ ਉਨ੍ਹਾਂ ਵਿਚੋਂ ਇਕ ਹਾਂ ਜੋ ਇਹ ਵਿਸ਼ਵਾਸ਼ ਕਰਦੇ ਹਨ ਕਿ ਸਿਹਤਵੰਦ ਤੇ ਮਨੁਖ ਮਾਤਰ ਲਈ ਸਭ ਤੋਂ ਵਧਕੇ ਕੁਦਰਤੀ ਭੋਜਨ ਹੈ ਸਬਜ਼ੀਆਂ, ਫਲ ਤੇ ਖੇਤੀ ਬਾੜੀ ਦੀਆਂ ਉਪਜਾਂ ਤੇ ਜਿਨ੍ਹਾਂ ਦਾ ਇਹ ਵੀ ਵਿਸ਼ਵਾਸ਼ ਹੈ ਕਿ ਸ਼ਾਕਾਹਾਰੀ ਭੋਜਨ ਸਾਦਾ ਰਹਿਣੀ ਤੇ ਉਚੇ ਵਿਚਾਰਾਂ ਲਈ ਮਾਂਸਾਹਾਰੀ ਭੋਜਨ ਨਾਲੋਂ ਵਧੇਰੇ ਸਹਾਇਕ ਹੈ।

ਮੈਨੂੰ ਬਹੁਤ ਪ੍ਰਸੰਨਤਾ ਹੈ ਕਿ ਸਾਡੇ ਇਥੇ ਅੰਤਰਾਸ਼ਟਰੀ ਸ਼ਾਕ-ਕਾਰੀ ਮਿਲਣੀ ਹੋ ਰਹੀ ਹੈ ਜਿਸ ਵਿਚ ਇਹ ਪ੍ਰਸ਼ਨ ਸਾਰੇ ਪਖਾਂ ਤੋਂ ਵਿਚਾਰਿਆ ਜਾਏਗਾ ਤੇ ਸ਼ਾਹਾਕਾਰ ਦੇ ਲਾਭ ਪ੍ਰਗਟ ਕੀਤੇ ਜਾਣਗੇ। ਨਾਲੇ ਵਖ ਵਖ ਦੇਸਾਂ ਤੋਂ ਆਏ ਲੋਕ ਆਪਣੇ ਤਜਰਬੇ ਦੇ ਆਧਾਰ ਤੇ ਵੀ ਇਸ ਦੀ ਪ੍ਰੋੜ੍ਹਤਾ ਕਰਨਗੇ। ਮੈਂ ਇਸ ਮਿਲਣੀ ਦੀ ਹਰ ਤਰ੍ਹਾਂ ਸਫਲਤਾ ਚਾਹੁੰਦਾ ਹਾਂ ਤੇ ਆਸ ਕਰਦਾ ਹਾਂ ਕਿ ਲੋਕੀ ਸ਼ਾਕਾ-ਹਾਰੀ ਭੋਜਨ ਤੇ ਕਾਇਮ ਰਹਿਣ ਦੇ ਲਾਭਾਂ ਦੀ ਸ਼ਲਾਘਾ ਕਰਨਗੇ।

ਰਾਜਿੰਦਰ ਪ੍ਰਸ਼ਾਦ (ਸਵ: ਰਾਸ਼ਟ੍ਰਪਤੀ)

**(ਪੰਦਰ੍ਹਵੀਂ ਅੰਤ੍ਰਰਾਸ਼ਟਰੀ ਸ਼ਾਕਾਹਾਰੀ ਮਿਲਣੀ, ਜੋ ੧੯੫੭ ਵਿਚ ਭਾਰਤ ਵਿਚ ਹੋਈ, ਲਈ ਦਿਤਾ ਗਿਆ ਸੰਦੇਸ਼)**

੭, ਤਿਆਗਰਾਜ ਮਾਰਗ,
ਨਵੀਂ ਦਿਲੀ–੧੧
੨੮ ਅਕਤੂਬਰ ੧੯੬੬

ਭਾਈ ਸ੍ਰੀ ਸਵਰਨ ਸਿੰਘ ਸਨੇਹੀ,

ਤੁਹਾਡਾ ੨੪ ਅਕਤੂਬਰ ਦਾ ਪੱਤਰ ਮਿਲਿਆ। ਇਹ ਜਾਣ ਕੇ ਪ੍ਰਸੰਨਤਾ ਹੋਈ ਕਿ ਨਾਮਧਾਰੀ ਯੁਵਕ ਲੇਖਕ ਮਾਂਸਾਹਾਰ ਖਤਮ ਕਰਨ ਦੇ ਵਿਸ਼ੇ ਤੇ ਇਕ ਪੁਸਤਕ ਤਿਆਰ ਕਰ ਰਹੇ ਹਨ। ਸਾਡੇ ਦੇਸ਼ ਵਿਚ ਮਾਂਸਾਹਾਰ ਨੂੰ ਕਈ ਲੋਕ ਵਿਵਰਜਤ ਮੰਨਦੇ ਹਨ।ਸਾਡੇ ਦੇਸ਼ ਵਿਚ ਮਾਂਸਾਹਾਰ ਹੈ ਜ਼ਰੂਰ ਪਰ ਹੋਰਨਾਂ ਦੇਸ਼ਾਂ ਤੋਂ ਘਟ। ਮੈਂ ਮੰਨਦਾ ਹਾਂ ਕਿ ਆਪਣੀ ਅਧਿਆਤਮਕ ਉੱਨਤੀ ਲਈ ਮਨੁਖ ਨੂੰ ਮਾਂਸਾਹਾਰ ਨਹੀਂ ਕਰਨਾ ਚਾਹੀਦਾ।

ਮੈਨੂੰ ਆਸ ਹੈ ਕਿ ਤੁਹਾਡੇ ਲੇਖਕ ਮਾਂਸਾਹਾਰੀਆਂ ਵਿਰੁਧ ਕੁਛ ਨਹੀਂ ਲਿਖਣਗੇ ਕਿਉਂਕਿ ਕਿਸੇ ਦੇ ਗੁਣ ਔਗੁਣ ਵਿਚਾਰਨੇ ਸਾਡਾ ਕੰਮ ਨਹੀਂ। ਇਜੇਹੇ ਕੰਮ ਤਾਂ ਪ੍ਰੇਮ ਪਿਆਰ ਨਾਲ ਪ੍ਰਚਾਰ ਕਰਨ ਨਾਲ ਹੀ ਹੁੰਦੇ ਹਨ। ਜੇ ਪੁਸਤਕ ਤਥਾਂ ਦੇ ਆਧਾਰ ਤੇ ਲਿਖੀ ਜਾਏਗੀ ਤਾਂ ਉਸ ਦਾ ਅਸਰ ਜ਼ਰੂਰ ਚੰਗਾ ਪਾਇਗਾ।

ਸ਼ੁਭ ਇਛਾਵਾਂ ਸਹਿਤ,

ਮੁਰਾਰ ਜੀ ਦੇਸਾਈ।

Sri Satguru Jagjit Singh Ji Elibrary NamdhariElibrary@gmail.com

# ਆਦਿਕਾ

'ਪ੍ਰਾਣ ਪੂਜਾ' ਵਿਚਲੇ ਲੇਖ ਉਨ੍ਹਾਂ ਸਾਰੀਆਂ ਗੱਲਾਂ ਨੂੰ ਦੇਸੀ ਤੇ ਬਦੇਸੀ ਜਗਤ ਪ੍ਰਸਿਧ ਵਿਅਕਤੀਆਂ ਦੇ ਹਵਾਲਿਆਂ ਤੇ ਦਲੀਲਾਂ ਨਾਲ ਝੁਠਿਆਂ ਸਿਧ ਕਰਨ ਲਈ ਇਕ ਜਤਨ ਹਨ ਜੋ ਆਮ ਭਾਰਤੀ ਮਾਂਸਾਹਾਰੀ ਕਰਦੇ ਤੇ ਪਰਚਾਰਦੇ ਹਨ। ਬਦੇਸਾਂ ਵਿਚ ਕੁਦਰਤੀ ਭੋਜਨ ਅਪਣਾਏ ਜਾਣ ਸਬੰਧੀ ਜੋ ਜੋ ਤੇ ਜਦੋਂ ਜਦੋਂ ਵੀ ਜਤਨ ਕੀਤੇ ਗਏ ਉਨ੍ਹਾਂ ਦਾ ਸੰਖੇਪ ਇਤਿਹਾਸ ਇਸ ਗਲ ਦਾ ਸੂਚਕ ਹੈ ਕਿ ਸਿਰਫ ਭਾਰਤੀ ਹੀ ਨਹੀਂ ਸਗੋਂ ਬਦੇਸ਼ੀ ਬੁਧਵਾਨ ਵੀ ਕੁਦਰਤੀ ਭੋਜਨ ਅਪਨਾਉਣ ਤੇ ਹੀ ਜ਼ੋਰ ਦਿੰਦੇ ਸਨ ਕਿਉਂਕਿ ਇਹ ਹਰ ਪਖੋਂ ਮਨੁਖ ਲਈ ਯੋਗ ਖੁਰਾਕ ਸੀ।

ਅਜ ਅੰਨ ਸੰਕਟ, ਵਧਦੀ ਆਬਾਦੀ, ਅਮਨ ਲਈ ਖਤਰਾ ਤੇ ਮੰਦੀਆਂ ਸਿਹਤਾਂ ਬਾਰੇ ਹਰ ਥਾਂ ਬੜੇ ਜ਼ੋਰ ਦੀ ਚਰਚਾ ਚਲਦੀ ਹੈ। 'ਪ੍ਰਾਣ ਪੂਜਾ' ਵਿਚਲੇ ਲੇਖਾਂ ਵਿਚ ਮਨੁਖੀ ਭੋਜਨ ਦਾ ਇਨ੍ਹਾਂ ਨਾਲ ਸਬੰਧ ਦਸਕੇ ਇਨ੍ਹਾਂ ਸੰਕਟਾਂ ਨੂੰ ਦੂਰ ਕਰਨ ਲਈ ਕੁਛ ਸਦਾ-ਚਾਰਕ ਸੁਝਾਉ ਵੀ ਦੇਣ ਦਾ ਜਤਨ ਕੀਤਾ ਗਿਆ ਹੈ ਜੋ, ਆਸ ਹੈ, ਪਾਠਕਾਂ ਦੀ ਦਿਲਚਸਪੀ ਵਿਚ ਹੋਰ ਵੀ ਵਾਧਾ ਕਰਨਗੇ।

ਪੁਸਤਕ ਸਬੰਧੀ ਆਈਆਂ ਰਾਵਾਂ ਤੇ ਸੁਝਾਵਾਂ ਦਾ ਯੋਗ ਸਤਿਕਾਰ ਕੀਤਾ ਜਾਇਗਾ।

ਸ੍ਰੀ ਜੀਵਨ ਨਗਰ ਹਿਸਾਰ)
੧ ਹਾੜ ੨੦੨੪ ਅਨੁਸਾਰ
੧੫ ਜੂਨ ੧੯੬੭.

ਸਵਰਨ ਸਿੰਘ ਸਨੇਹੀ

Sri Satguru Jagjit Singh Ji Elibrary NamdhariElibrary@gmail.com

ਕੰਡਾ ਚੁਭੇ ਆਪਣੇ ਪੈਰੀਂ,
ਲੋਕੀ ਚੀਕ ਸੁਣਾਉਂਦੇ।

ਚਾਕੂ ਨਾਲ ਜੇ ਟਕ ਵੀ ਲੱਗ ਜਾਇ,
ਵੈਦ ਹਕੀਮ ਬੁਲਾਉਂਦੇ।

ਹਰ ਕਿਸੇ ਨੂੰ ਜਾਨ ਇਵੇਂ ਹੀ,
ਆਪਣੀ ਲੱਗਦੀ ਪਿਆਰੀ।

ਤਾਂ ਫਿਰ ਜੀਭ ਨਮਿੱਤ ਕਿਸੇ ਦੀ,
ਕਾਹਨੂੰ ਜਾਨ ਗੁਆਉਂਦੇ ?

—ਸ. ਸ. ਸਨੇਹੀ

# ਪ੍ਰਾਣ ਪੂਜਾ

ਸਵਰਨ ਸਿੰਘ ਸਨੇਹੀ (ਸ਼ਾਹ ਪੁਰ)

ਜੀਵਨ ਜੋਤੀ ਨੂੰ ਨਿਰੰਤਰ ਜਗਦੀ ਰੱਖਣ ਲਈ ਭੋਜਨ ਰੂਪੀ ਤੇਲ ਦੀ ਉਨੀ ਹੀ ਲੋੜ ਹੈ ਜਿੰਨੀ ਮੱਛੀ ਨੂੰ ਪਾਣੀ ਦੀ। ਪਰ ਬਦਕਿਸਮਤੀ ਨੂੰ ਇਹ ਗੱਲ ਅਜੇ ਜਨ ਸਾਧਾਰਨ ਦੀ ਵਿਚਾਰ ਦਾ ਵਿਸ਼ਾ ਨਹੀਂ ਬਣ ਸਕੀ ਕਿ ਇਸ ਦੀਵੇ ਲਈ ਤੇਲ ਕਿਹੋ ਜਿਹਾ ਚਾਹੀਦਾ ਹੈ ?

ਇਹ ਆਮ ਚੰਗੇ ਤੇ ਸੂਝਵਾਨ ਪੁਰਖਾਂ ਦੀ ਰਾਇ ਹੈ ਕਿ ਮਨੁਖ ਨੂੰ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣ ਲਈ ਚੰਗੇ ਆਚਰਣ, ਚੰਗੇ ਆਚਰਣ ਲਈ ਚੰਗੀ ਸਿਹਤ ਤੇ ਅਛੀ ਸਿਹਤ ਲਈ ਵਧੀਆ, ਤਾਕਤਵਰ ਪਰ ਸਾਦਾ ਭੋਜਨ ਦੀ ਜ਼ਰੂਰਤ ਹੈ। ਪੁਰਾਤਨ ਭਾਰਤ ਵਿਚ ਕੇਵਲ ਇਜੇਹੇ ਚੰਗੇ ਭੋਜਨ ਦੀ ਹੀ ਵਰਤੋਂ ਹੁੰਦੀ ਸੀ। ਉਨ੍ਹਾਂ ਲੋਕਾਂ ਦੇ ਚੰਗੇ ਚੰਗੇ ਸੁਲਝੇ ਹੋਏ ਦਿਮਾਗ, ਪ੍ਰਸੰਨ ਲੰਮੀਆਂ ਉਮਰਾਂ ਤੇ ਸ਼ਾਂਤ ਸੁਭਾਵ ਇਸੇ ਸਾਦਾ ਤੇ ਵਧੀਆ ਭੋਜਨ ਦਾ ਹੀ ਸਿਟਾ ਹੁੰਦੇ ਸਨ। ਭਾਰਤੀ ਹੀ ਨਹੀਂ ਸਗੋਂ ਹੋਰਨਾਂ ਦੇਸਾਂ ਦੇ ਸੂਝਵਾਨ ਵੀ ਇਸੇ ਵਿਚਾਰ ਦੇ ਹਾਮੀ ਹੁੰਦੇ ਸਨ ਕਿ ਕਿਸੇ ਦੀ ਜਾਨ ਲੈਕੇ ਆਪਣਾ ਪੇਟ ਪਾਲਣਾ ਭੈੜੇ ਤੋਂ ਭੈੜਾ ਪਾਪ ਹੈ। ਯੂਨਾਨ ਦੇ ਪ੍ਰਸਿਧ ਫਿਲਾਸਫਰ ਸੁਕਰਾਤ ਦੇ ਦੁਭਾਸ਼ੀਏ ਅਫਲਾਤੂੰ ਨੇ ਕਿਹਾ ਸੀ, 'ਮੇਰਾ ਖ਼ਿਆਲ ਹੈ ਕਿ ਕਾਮੇ ਲੋਕ ਤੇ ਉਨ੍ਹਾਂ ਦੇ ਬਚੇ ਆਪਣੇ ਭੋਜਨ ਲਈ ਕੇਕ ਤੇ ਕਣਕ ਜਾਂ ਜੌਂ ਦੇ ਆਟੇ ਤੋਂ ਬਣੇ ਪ੍ਰਸ਼ਾਦਿਆਂ ਨੂੰ ਘਾਹ ਤ੍ਰਿਣ ਦੀਆਂ ਚਿਟਾਈਆਂ ਜਾਂ ਸਾਫ਼ ਪਤਿਆਂ ਤੇ ਵਿਛਾ ਕੇ ਖਾਣ ਅਤੇ ਸਾਦਾ ਮੰਜਿਆਂ ਜਾਂ ਥੁਨੇਰ ਦੀਆਂ

Sri Satguru Jagjit Singh Ji Elibrary NamdhariElibrary@gmail.com

ਟਾਹਣੀਆਂ ਤੇ ਲੇਟਣ ਵਿਚ ਹੀ ਅਨੰਦ ਪ੍ਰਾਪਤ ਕਰਨਗੇ । ਉਹ ਹਾਰ ਪਰੋ ਕੇ ਦੇਵਤਿਆਂ ਦੀ ਉਸਤਤ ਕਰਦੇ ਹੋਏ ਇਕ ਦੂਜੇ ਦੀ ਸੰਗਤ ਦਾ ਸੁਆਦ ਵੀ ਮਾਣਨਗੇ । ਵਿਤੋਂ ਵਧ ਬਚਿਆਂ ਨੂੰ ਜਨਮ ਨਾ ਦੇ ਕੇ ਗ਼ਰੀਬੀ ਤੇ ਜੰਗ ਦੇ ਡਰ ਵਿਚ...ਇਉਂ ਉਹ ਸ਼ਾਂਤੀ ਤੇ ਚੰਗੀ ਸਿਹਤ ਸਹਿਤ ਆਪਣੇ ਦਿਨ ਕਟਣਗੇ ।' ਇਸੇ ਵਿਦਵਾਨ ਨੇ ਅਗੇ ਚਲ ਕੇ ਭਵਿਖ ਬਾਰੇ ਕੁਛ ਲਿਖਦਿਆਂ ਕਿਹਾ ਸੀ, 'ਆਪਣੀ ਪੁਛ ਗਿਛ ਦੀ ਹੋਂਦ ਨਾਲ ਸ਼ਾਇਦ ਅਸੀਂ ਇਹ ਜਾਣ ਸਕਾਂਗੇ ਕਿ ਸਾਡੇ ਸ਼ਹਿਰਾਂ ਵਿਚ ਅਨਿਆਇ ਕਿਵੇਂ ਜੜ੍ਹ ਫੜਦਾ ਹੈ । ਤੁਸੀਂ ਰਤਾ ਉਸ ਸ਼ਹਿਰ ਦਾ ਖਿਆਲ ਕਰੋ ਜੋ ਅਗ ਨਾਲ ਸੜ ਰਿਹਾ ਹੋਵੇ (ਜਿਸ ਦੇ ਵਸਨੀਕ ਸਾਦਗੀ ਤੋਂ ਦੂਰ ਹੋ ਗਏ ਹੋਣ) ਉਹ ਲੋਕ ਤਦ ਵੀ ਅਸੰਤੁਸ਼ਟ ਹੋਣਗੇ । ਭਾਸਦਾ ਇਹ ਹੈ ਕਿ ਸਾਡੇ ਵਲੋਂ ਬਿਆਨ ਕੀਤੇ ਜੀਵਨ ਦੇ ਇਸ ਤੌਰ ਨਾਲ ਗਦੇਲੇ, ਮੇਜ਼ਾਂ ਤੇ ਹੋਰ ਹਰ ਤਰ੍ਹਾਂ ਦੇ ਦਿਖਾਵੇ ਦੀ ਸਮੱਗਰੀਦੀ ਭਰਮਾਰ ਹੋਇਗੀ ।ਨਾਲ ਹੀ ਮਾਸਯੁਕਤ ਖਾਧ ਖੁਰਾਕਾਂ ਹੋਣਗੀਆਂ। ਉਜੇਹੇ ਸ਼ਹਿਰ ਵਿਚ ਵਸਣ ਵਾਲੇ ਚਾਹਵਾਨਾਂ ਲਈ ਸਾਨੂੰ ਸੂਰਾਂ ਦੇ ਇਜੜਾਂ ਤੇ ਹਰ ਤਰ੍ਹਾਂ ਦੇ ਪਸ਼ੂਆਂ ਦੀ ਵਡੀ ਭਾਰੀ ਗਿਣਤੀ ਦੀ ਲੋੜ ਪਇਗੀ । ਫਿਰ ਸਾਡਾ ਪਤਨ ਹੋਇਗਾ ।' ਪਰ ਅਜ ਆਮ ਕਰਕੇ ਚੰਗਾ ਭੋਜਨ ਗਿਣਿਆਂ ਹੀ ਉਸ ਨੂੰ ਜਾਂਦਾ ਹੈ ਜਿਸ ਵਿਚ ਬਹੁਤੀਆਂ ਪਲੇਟਾਂ ਹੋਣ, ਜਿਸ ਵਿਚ ਕਿਸ ਨਾ ਕਿਸੇ ਜਾਨਵਰ ਦੀ ਬਲੀ ਦੇਣ ਦੀ ਲੋੜ ਸਭ ਤੋਂ ਪਹਿਲਾਂ ਪਵੇ ਤੇ ਹੋਵੇ ਭਾਵੇਂ ਉਹ ਨਿਪਟ ਜ਼ਹਿਰ ਹੀ । ਇਹ ਕੋਈ ਸਭਜ ਰਿਵਾਜ਼ ਨਹੀਂ ।

ਕਿਸੇ ਵੀ ਧਰਮ ਵਿਚ ਮਾਸ ਦੀ ਵਰਤੋਂ ਯੋਗ ਨਹੀਂ ਦੱਸੀ ਗਈ ।ਵੇਦ ਸਾਡੀ ਸਭ ਤੋਂ ਪੁਰਾਤਨ ਰਚਨਾ ਮੰਨੀ ਜਾਂਦੀ ਹੈ । ਵੇਦਾਂ ਵਿਚ ਇਕ ਨਹੀਂ ਬਹੁਤੇ ਥਾਵਾਂ ਤੇ ਪਸ਼ੂਆਂ ਤੇ ਜਾਨਵਰਾਂ ਦਾ ਮਾਰਨਾ ਸਖ਼ਤ ਮਨ੍ਹਾ ਕੀਤਾ ਗਿਆ ਹੈ । ਉਦਾਹਰਣਾਰਥ

ਅਥਰਵ ਵੇਦ (੩, ੨੮, ੨੬) ਵਿਚ ਕਿਹਾ ਗਿਆ ਹੈ ਕਿ ਮਨੁਖ ਪਸ਼ੂ ਪੰਛੀਆਂ ਨੂੰ ਉਦੋਂ ਹੀ ਮਾਰਦਾ ਹੈ ਜਦੋਂ ਉਸ ਦੀ ਅਕਲ ਟਿਕਾਣੇ ਨਹੀਂ ਰਹਿੰਦੀ। ਰਿਗ ਵੇਦ (੧੦, ੮੭, ੧੬) ਵਿਚ ਰਾਜੇ ਨੂੰ ਵਿਸ਼ੇਸ਼ ਹੁਕਮ ਦਿਤਾ ਗਿਆ ਹੈ ਕਿ ਉਹ ਪਸ਼ੂਆਂ ਦੇ ਕਾਤਲਾਂ ਨੂੰ ਸਜ਼ਾ ਦੇਵੇ। ਇਕ ਹੋਰ ਥਾਂ ਕਿਹਾ ਗਿਆ ਹੈ 'ਹਿੰਸਾ, ਚੋਰੀ, ਵਿਭਚਾਰ, ਮਦਪਾਨ, ਜੂਆ, ਝੂਠ ਬੋਲਣਾ ਤੇ ਪਾਪ ਸਹਾਇਕ ਦੁਸ਼ਟ, ਇਨ੍ਹਾਂ ਦਾ ਨਾਂ ਹੀ ਸਪਤ ਮਰਿਆਦਾ ਹੈ। ਇਨ੍ਹਾਂ ਵਿਚੋਂ ਹਰੇਕ ਮਾਨਵ-ਜੀਵਨ ਘਾਤਕ ਹੈ। ਜੋ ਕੋਈ ਇਕ ਦੇ ਫੰਧੇ ਵਿਚ ਫਸ ਜਾਂਦਾ ਹੈ ਤਾਂ ਉਸ ਦਾ ਜੀਵਨ ਨਸ਼ਟ ਭ੍ਰਿਸ਼ਟ ਹੋ ਜਾਂਦਾ ਹੈ ਪਰ ਜੋ ਇਨ੍ਹਾਂ ਤੋਂ ਬਚ ਕੇ ਚਲਦਾ ਹੈ ਉਹ ਨਿਰਸੰਦੇਹ ਆਦਰਸ਼ ਪੁਰਸ਼ ਬਣ ਕੇ ਰਹਿੰਦਾ ਹੈ।' ਯਜੁਰ ਵੇਦ (੨੬,੧੮) ਵਿਚ ਪ੍ਰਮਾਤਮਾ ਤੋਂ ਇਹੋ ਮੰਗਿਆ ਗਿਆ ਹੈ 'ਸਾਰੇ ਜੀਵ ਮੇਰੇ ਵਲ ਮਿਤਰ ਭਾਵਨਾ ਨਾਲ ਦੇਖਣ, ਮੈਂ ਵੀ ਉਨ੍ਹਾਂ ਨਾਲ ਆਪਣੇ ਮਿਤਰਾਂ ਵਾਲਾ ਸਲੂਕ ਕਰਾਂ। ਹੇ ਪ੍ਰਮਾਤਮਾ, ਸਾਰੀਆਂ ਚੀਜ਼ਾਂ ਇਜੇਹੀਆਂ ਬਣਾ ਦੇਹ ਕਿ ਅਸੀਂ ਸਾਰੇ ਜੀਵ ਇਕ ਦੂਜੇ ਨਾਲ ਮਿਤਰਾਂ ਵਾਲਾ ਵਰਤਾਓ ਕਰੀਏ।'

ਉਪਨਿਸ਼ਦਾਂ ਵਿਚ ਵੀ ਕਿਸੇ ਤਰ੍ਹਾਂ ਦੀ ਹੱਤਿਆ ਦੀ ਆਗਿਆ ਨਹੀਂ। ਮਨੂੰ ਸਿਮ੍ਰਤੀ ਵਿਚ ਤਾਂ ਹੱਤਿਆ ਦਾ ਸਗੋਂ ਡਟ ਕੇ ਵਿਰੋਧ ਕੀਤਾ ਗਿਆ ਹੈ। ਜੇ ਉਪਨਿਸ਼ਦਾਂ ਜਾਂ ਸਿਮ੍ਰਤੀਆਂ ਵਿਚ ਕਿਤੇ ਕੋਈ ਸਲੋਕ ਕਿਸੇ ਤਰ੍ਹਾਂ ਦੀ ਹਤਿਆ ਦੇ ਹੱਕ ਵਿਚ ਅਜ ਕੱਲ੍ਹ ਲਿਖਿਆ ਮਿਲਦਾ ਵੀ ਹੋਵੇ ਤਾਂ ਉਹ ਸਿਰਫ਼ ਵਾਮ-ਮਾਰਗ ਦੇ ਸਮੇਂ ਦੀ ਕਾਲੀ ਕਰਤੂਤ ਹੀ ਸਮਝੀ ਜਾਣੀ ਚਾਹੀਦੀ ਹੈ। ਇਹੋ ਸਮਾਂ ਹੀ ਸੀ ਜਦੋਂ ਬਹੁਤੇ ਗ੍ਰੰਥਾਂ ਨੂੰ ਵਿਗਾੜਿਆ ਗਿਆ ਤੇ ਅਯੋਗ ਗੱਲਾਂ ਉਨ੍ਹਾਂ ਵਿਚ ਦਰਜ ਕੀਤੀਆਂ ਗਈਆਂ। ਸਾਡੀ ਸਭਿਤਾ ਵਿਚ ਤਾਂ ਜਿਨ੍ਹਾਂ ਸੱਤ ਚੀਜ਼ਾਂ ਨੂੰ ਛੂਹਣਾ ਵੀ ਮਨ੍ਹਾ ਕੀਤਾ ਹੋਇਆ

Sri Satguru Jagjit Singh Ji Elibrary NamdhariElibrary@gmail.com

ਹੋ ਉਨ੍ਹਾਂ ਵਿਚ ਮਾਸ ਵੀ ਹੈ--

ਜੂਪ ਮਾਸ ਮਦ ਵੇਸਵਾ, ਹਿੰਸਾ ਚੋਰੀ ਨਾਰ।
ਸਪਤ ਲੋਕ ਮੈਂ ਸਪਤ ਹੈ, ਸਪਤ ਨਾ ਛੁਹੈ ਉਦਾਰ।
ਰਕਤ ਬਿੰਦੂ ਕਰ ਸੰਭਵੇ ਜੋ ਨਰ ਭੁੰਚਤ ਮਾਸ।
ਨਰਕ ਪਰੇ ਨਿਕਸੇ ਨਹੀਂ, ਯਾਵਤ ਇੰਦੂ ਵਿਭਾਸ।

(ਅਰਥਾਤ ਰਕਤ ਬਿੰਦ ਤੋਂ ਪੈਦਾ ਹੋਣ ਵਾਲਾ ਮਾਸ ਖਾਣ ਵਾਲਾ ਚੰਦ ਸੂਰਜ ਦੇ ਰਹਿਣ ਤੱਕ ਨਰਕ ਵਿਚੋਂ ਨਹੀਂ ਨਿਕਲ ਸਕੇਗਾ) ਇਸ ਪਾਪ ਦਾ ਭਾਗੀ ਵੀ ਸਿਰਫ ਉਹ ਇਕੱਲਾ ਨਹੀਂ ਸਗੋਂ ਛੇ ਜਣੇ ਗਿਣੇ ਗਏ ਹਨ--

ਸਤ ਕਰਤਾ ਉਪਦੇਸਟਾ ਉਪਕਰਤਾ ਅਨੁਮੰਤ।
ਘਾਤਕ ਸਵਾਦਿਕ ਖਸ਼ਟ ਇਹ ਅਘਸਮ ਭਾਗੀ ਜੰਤ।

ਪਰਾਤਨ ਸਮਿਆਂ ਵਿਚ ਜਿੰਨੇ ਵੀ ਜੱਗ ਹੁੰਦੇ ਸਨ ਪਸ਼ੂਆਂ ਦੀ ਬਲੀ ਉਨ੍ਹਾਂ ਦਾ ਇਕ ਅਨਿਖੜਵਾਂ ਅੰਗ ਹੁੰਦੀ ਸੀ। ਅਸਵਮੇਧ, ਗਊ ਮੇਧ ਆਦਿ ਅਜਿਹੇ ਜੱਗਾਂ ਦੇ ਹੀ ਨਾਂ ਦਸੇ ਜਾਂਦੇ ਹਨ।

'ਗੈਂਡਾ ਮਾਰ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ।'
ਅਤੇ 'ਸਤਿਜੁਗ ਹੋਯਾ ਜਗ ਮੇਧ, ਹਾਥੀ ਜਗ ਪਵਾਇ।
ਹੋਮ ਕੀਆ ਸਭ ਦੇਵਤਿਆਂ, ਫਿਰ ਹਾਥੀ ਲੀਆ ਜੀਵਾਇ।
ਤ੍ਰੇਤੇ ਹੋਯਾ ਅਸਮੇਧ ਰਾਜੇ ਹੋਮ ਕਰਾਇ।
ਮੂਆ ਫੇਰ ਜੀਵਾਈਐ, ਕਰ ਹਲਾਲ ਸਭ ਪਾਇ।
ਦੁਆਪਰ ਹੋਯਾ ਗਊ ਮੇਧ, ਫਿਰ ਲੀਨੀ ਕ੍ਰਿਸ਼ਨ ਜੀਵਾਇ।
ਪਿਛੇ ਸ੍ਰੀ ਕ੍ਰਿਸ਼ਨ ਦੇ ਬਿਨ ਮੰਤ੍ਰ ਨ ਸਕੀ ਉਠਾਇ।'

ਦੀਆਂ ਤੁਕਾਂ ਇਸ ਦੀ ਪ੍ਰੋੜ੍ਹਤਾ ਕਰਦੀਆਂ ਹਨ। ਇਸ ਸਬੰਧ ਵਿਚ ਯਾਦ ਰਖਣ ਵਾਲੀ ਇਕ ਇਹੋ ਗਲ ਹੈ ਕਿ ਗਊ ਆਦਿ ਦੀ ਬਲੀ ਦੇਣ ਪਿਛੋਂ ਉਸ ਪਸ਼ੂ ਨੂੰ ਖਾ ਕੇ ਉਹ ਲੋਕ

ਜਿਉਂਦਾ ਕਰ ਦਿੰਦੇ ਸਨ। ਇਸੇ ਕਾਰਨ ਉਸ ਦੇ ਮਾਰਨ ਦਾ ਕੋਈ ਦੋਸ਼ ਨਹੀਂ ਸੀ ਗਿਣਿਆ ਜਾਂਦਾ। ਗੁਰੂ ਨਾਨਕ ਨੇ ਵੀ

'ਜੋ ਜੀਅ ਮਾਰ ਜੀਵਾਇਨ ਤਿਨ ਕਉ ਮਾਸ ਹਲਾਲ।'

ਕਹਿਕੇ ਇਸ ਗਲ ਦੀ ਪੁਸ਼ਟੀ ਕੀਤੀ ਹੈ।

'ਚਰਕ' ਇਕ ਪੁਰਾਣਾ ਆਯੁਰਵੈਦਿਕ ਗ੍ਰੰਥ ਹੈ ਜਿਸ ਵਿਚ ਕਈ ਥਾਈਂ ਮਾਸ ਦੀ ਵਰਤੋਂ ਦਾ ਸੰਕੇਤ ਮਿਲਦਾ ਹੈ ਪਰ ਉਸ ਵਿਚ ਤਾਂ ਬਹੁਤੇ ਥਾਈਂ ਮਨੁਖੀ ਮਾਸ ਦੀ ਵਰਤੋਂ ਦੀ ਸਿਫਾਰਸ਼ ਵੀ ਕੀਤੀ ਹੋਈ ਹੈ। ਕੀ ਕਦੇ ਕਿਸੇ ਨੇ ਇਸ ਵਲ ਵੀ ਧਿਆਨ ਦਿਤਾ ਹੈ ?

ਨਵੀਂ ਪਰ ਸਾਡੇ ਲਈ ਹਾਨੀਕਾਰਕ ਸਿਧ ਹੋ ਰਹੀ ਵਿਚਾਰਧਾਰਾ ਦੇ ਪ੍ਰਭਾਵ ਥੱਲੇ ਵਰਤਮਾਨ ਸਮੇਂ ਵਿਚ ਮਾਸਾ-ਹਾਰੀਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਗੁਰੂਆਂ, ਪੀਰਾਂ, ਪੈਗੰਬਰਾਂ ਦੇ ਨਾਂ ਤੇ ਮਾਸਾਹਾਰ ਨੂੰ ਯੋਗ ਦਸ ਕੇ, ਮਾਸ ਖਾਣ ਦੇ ਹਕ ਵਿਚ ਪ੍ਰਚਾਰ ਕੀਤਾ ਜਾਂਦਾ ਹੈ। ਪਰ ਮੱਕੇ ਵਿਚ ਸਾਲ ਭਰ ਤੋਂ ਕੁਛ ਵਧ ਸਮਾਂ ਗੁਜ਼ਾਰਨ ਵਾਲੇ ਗੁਰੂ ਨਾਨਕ ਨੇ ਮੁਸਲਮਾਨਾਂ ਦੇ ਵਿਚ ਬਹਿ ਕੇ ਵੀ ਨਾ ਤਾਂ ਕਿਤੇ ਮਾਸ ਦੀ ਵਰਤੋਂ ਕੀਤੀ ਤੇ ਨਾ ਹੀ ਕਰਨੀ ਦੱਸੀ। ਸਗੋਂ ਕਾਜ਼ੀ ਰੁਕਨ ਦੀਨ ਨਾਲ ਹੋਈ ਗੋਸ਼ਟੀ ਵਿਚ ਆਪ ਨੇ ਸਾਫ਼ ਫ਼ਰਮਾਇਆ--

ਕਾਰਣ ਸਵਾਦੇ ਨਫ਼ਸ ਦੇ ਜਾਨਾਂ ਜ਼ਿਬੇ ਕਰਾਇ।
ਜਿਸ ਨੂੰ ਕੋਈ ਮਾਰਸੀ ਫਿਰ ਉਹ ਭੀ ਕੁਹਸੀ ਆਇ।

ਅਤੇ

ਜਿਸ ਨੋ ਕੋਈ ਮਾਰਸੀ, ਸੋ ਭੀ ਮਾਰਨ ਹਾਰ।
ਕਿਆਮਤੀ ਲੇਖਾ ਨਿਬੜੇ, ਛੁਟ ਕਿਵੇਂ ਨਾ ਯਾਰ।

ਹਤਿਆਰਿਆਂ ਲਈ ਇਹੋ ਜਹੀ ਸਜ਼ਾ ਦੱਸਣ ਵਾਲੇ ਗੁਰੂ ਨਾਨਕ ਜੀਵ ਹੱਤਿਆ ਰਾਹੀਂ ਪ੍ਰਾਪਤ ਹੋਣ ਵਾਲੇ ਮਾਸ ਨੂੰ

Sri Satguru Jagjit Singh Ji Elibrary NamdhariElibrary@gmail.com

ਖਾਣ ਦੀ ਆਗਿਆ ਕਿਵੇਂ ਦੇ ਸਕਦੇ ਸਨ ?

ਜ਼ਾਲਮ ਕਰਦੇ ਜ਼ੁਲਮੀ, ਸਿਰ ਕਰਨ ਗਰੀਬਾਂ ਜ਼ੋਰ।
ਉਹ ਪਉਸਨ ਦੋਜ਼ਖ ਹਾਵੀਏ, ਜਿਉ ਲਹੇ ਸਜ਼ਾਈ ਚੋਰ।
ਖਾਵਨ ਮਾਸ ਗ਼ਰੀਬ ਦਾ, ਆਖਨ ਥੀਆ ਹਲਾਲ।
ਫਿਰ ਲੈਸਨ ਮਾਸ ਸੰਭਾਲ ਕੇ,ਜਿਉਂ ਦਿਤਾ ਲੈਨ ਸੰਭਾਲ।

ਬੱਸ ਸਿਰਫ ਏਥੇ ਹੀ ਨਹੀਂ ਸਗੋਂ ਅਦਲੇ ਦਾ ਬਦਲਾ ਲੈਣ ਦੀ ਇਹ ਰੀਤ ਅਗਿਓਂ ਅਗੇਰੇ ਚਲਦੀ ਰਹਿੰਦੀ ਹੈ--

ਮਾਰਨ ਮਰਨਾ ਦੁਸ਼ਮਨੀ, ਕਦੇ ਨਾ ਛਡੇ ਕੋਇ।
ਜੈਸਾ ਕੋਈ ਬੀਜਸੀ, ਫਿਰ ਲੁਣਸੀ ਤੈਸਾ ਸੋਇ।

ਲਾਹਣਤ ਹੈ ਇਜੇਹੇ ਖਾਣ ਦੇ ਜਿਸ ਦੇ ਖਾਣ ਪਿਛੋਂ ਲੇਖਾ ਵੀ ਦੇਣਾ ਪੈਂਦਾ ਤੇ ਸਖਤ ਤੋਂ ਸਖਤ ਸਜ਼ਾ ਵੀ ਭੁਗਤਣੀ ਪੈਂਦੀ ਹੈ।

ਹਿੰਦੂ ਲਈ ਗਊ ਤੇ ਮੁਸਲਮ ਲਈ ਸੂਰ ਪਵਿਤਰ ਸਮਝੇ ਗਏ ਹਨ। ਆਪਣੇ ਆਪਣੇ ਧਰਮ ਅਨੁਸਾਰ ਦੋਹਾਂ ਵਿਚੋਂ ਇਕ ਨੂੰ ਛਡ ਕੇ ਦੂਜੇ ਨੂੰ ਮਾਰ ਕੇ ਖਾਣਾ ਆਮ ਕਰਕੇ ਯੋਗ ਹੀ ਸਮਝਿਆ ਜਾਂਦਾ ਹੈ ਪਰ ਗੁਰੂ ਨਾਨਕ ਨੇ ਦੋਹਾਂ ਦੇ ਕਾਤਲਾਂ ਲਈ ਹੀ 'ਦਰਗਹ ਸਚੇ ਰਬ ਦੀ ਦੁਇ ਲਹਿਨ ਸਜਾਈ ਢੇਰ।' ਦਾ ਨਿਰਣਾ ਦਿਤਾ ਹੈ ਬਹਾਵ ਦੀਨ ਪੀਰ ਨਾਲ ਹੋਈ ਚਰਚਾ ਵਿਚ ਵੀ ਸਭ ਦੇ ਸਾਂਝੇ ਨਾਨਕ ਨੇ ਬਿਨਾਂ ਕਿਸੇ ਝਿਜਕ ਦੇ ਕਿਹਾ—

ਗਊ ਸੂਰ ਨੂੰ ਮਾਰਿਆਂ, ਲਗਨ ਬਹੁਤ ਅਜ਼ਾਬ। ਅਤੇ
ਜ਼ੋਰਾ ਜ਼ੁਲਮ ਹਰਾਮ ਹੈ ਜੋ ਸਿਰ ਗਰੀਬਾਂ ਹੋਇ।
ਬੇ ਜ਼ਬਾਨਾਂ ਨੂੰ ਮਾਰ ਕਰ ਖਾਵੇ ਮਾਸ ਜੁ ਕੋਇ।
ਜਿਤੀ ਪੈਦਾਇਸ਼ ਰਬ ਦੀ, ਕਾਨ ਹੈਵਾਨ ਨਬਾਤ।
ਸਭਨਾਂ ਅੰਦਰ ਇਕ ਰਬ, ਕੀਚਨ ਨਾਹੀਂ ਘਾਤ।

ਕਬੀਰ ਜੀ ਨੇ ਵੀ ਕਿਹਾ ਹੈ—

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ ॥

ਮੱਕੇ ਮਦੀਨੇ ਦੀ ਯਾਤਰਾ ਸਮੇਂ ਹੀ ਗੁਰੂ ਨਾਨਕ ਨੇ ਆਪਣਾ ਫੈਸਲਾ ਦੇ ਦਿਤਾ ਸੀ--

'ਬਾਝਹੁ ਪਾਣੀ ਅੰਨ ਦੇ ਖਾਣਾ ਹੋਰ ਹਰਾਮ।' ਅਤੇ
ਜੋ ਕਰੇ ਰਿਆਜ਼ਤ ਬੰਦਗੀ, ਤਿਨ੍ਹਾਂ ਮਾਸ ਨ ਪਾਕ।
ਸਭਨਾਂ ਅੰਦਰ ਰਮ ਰਹਿਆ, ਹਰਦਮ ਸਾਹਿਬ ਆਪ।

ਸਿਰਫ਼ ਮੱਕੇ ਮਦੀਨੇ ਵਿਚ ਹੀ ਨਹੀਂ, ਸਗੋਂ ਦੇਵ ਲੂਤ ਵਾਲੀ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਦੀ ਸ਼ਰਨ ਆਕੇ ਮਾਣਸ ਖਾਣੇ ਦੇਵ ਲੂਤ ਨੇ ਅਰਜ਼ ਕੀਤੀ–

'ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ।'

ਤਦ ਗੁਰੂ ਜੀ ਨੇ ਉਸ ਨੂੰ ਪਹਿਲਾਂ ਮਾਸਾਹਾਰ ਛਡਣ ਲਈ ਹੁਕਮ ਦਿੰਦਿਆਂ ਕਿਹਾ ਸੀ--

'ਪ੍ਰਥਮ ਤਜਹੁ ਆਮਿਖ ਕੋ ਖਾਨਾ।
ਕਰਹੁ ਜਾਸ ਹਿਤ ਜੀਵਨ ਹਾਨਾ।

ਗਿ: ਗਿਆਨ ਸਿੰਘ ਅਨੁਸਾਰ ਸਤਿਗੁਰਾਂ ਹੁਕਮ ਕੀਤਾ ਸੀ--

'ਛੋਡ ਅਹਿੰਸਾ ਮਿਲੇ ਅਹਾਰਾ।'

ਤੇ ਇੰਨੀ ਗੱਲ ਸੁਣ ਕੇ ਹੀ--

'ਦੇਵ ਲੂਤ ਸਾਧੂ ਬ੍ਰਤ ਧਾਰਾ।'

ਜੇ ਗੁਰੂ ਦੇ ਸਿਖ ਅਖਵਾਉਂਦਿਆਂ ਮਾਸ ਦੀ ਵਰਤੋਂ ਛਡਣ ਤੋਂ ਅਜੇ ਵੀ ਕੁਛ ਝਿਝਕ ਆਉਂਦੀ ਹੋਵੇ ਤਾਂ ਕਬੀਰ ਜੀ ਦੀ ਲਿਖਤ–

Sri Satguru Jagjit Singh Ji Elibrary NamdhariElibrary@gmail.com

'ਜੀਅ ਬਧਹੁ ਸੁ ਧਰਮੁ ਕਰਿ
ਥਾਪਹੁ ਅਧਰਮੁ ਕਹਹੁ ਕਤ ਭਾਈ।
ਆਪਸ ਕਉ ਮੁਨਿਵਰ ਕਰ ਥਾਪਹੁ
ਕਾ ਕਉ ਕਹਹੁ ਕਸਾਈ।'

ਵਲ ਵੀ ਝਾਤੀ ਮਾਰ ਲੈਣੀ ਚਾਹੀਦੀ ਹੈ। ਪ੍ਰਮੁਖ ਸਿਖ ਇਤਿਹਾਸ ਕਾਰ ਭਾਈ ਗੁਰਦਾਸ ਜੀ ਨੇ ਤਾਂ—'ਮਾਸ ਖਾਨ ਗਲ ਵਢ ਕੇ ਹਾਲ ਤਿਨਾੜਾ ਕਉਣ ਹੋਵੱਸੀ।' ਅਤੇ 'ਜੇ ਕਾਸਾਈ ਉਧਰਿਆ, ਜੀਆਂ ਘਾਇ ਨ ਖਾਈਐ ਭੰਗਾ।'

ਕਹਿ ਕੇ ਇਸ ਆਹਾਰ ਦੀ ਵਿਰੋਧਤਾ ਹੀ ਕੀਤੀ ਹੈ।

ਰਹੀ ਗੱਲ ਗੁਰੂ ਗੋਬਿੰਦ ਸਿੰਘ ਜੀ ਦੀ। ਸਮਝ ਨਹੀਂ ਆਉਂਦੀ ਕਿ—

'ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।'

ਅਤੇ 'ਮਜ਼ਨ ਤੇਗ਼ ਬਰ ਖ਼ੂਨ ਕਸ ਬੇ ਦਰੇਗ਼।
ਤੁਰਾ ਨੀਜ਼ ਓ ਖ਼ੂਨ ਰੇਜ਼ਦ ਬਤੇਗ।

(ਅਰਥਾਤ ਕਿਸੇ ਦੀ ਗਰਦਨ ਤੇ ਬੇ ਦਰੇਗ਼ ਹੋਕੇ ਛੁਰੀ ਨਾ ਚਲਾ ਕਿਉਂਕਿ ਤੇਰੀ ਗਰਦਨ ਵੀ ਅਰਸ਼ੀ ਤੇਗ਼ ਨਾਲ ਕਟੀ ਜਾਇਗੀ) ਰਾਹੀ ਜੀਵਾਂ ਤੇ ਦਇਆ, ਜਿਸ ਨੂੰ ਧਰਮ ਦੇ ਦਸਾਂ ਅੰਗਾਂ ਵਿਚੋਂ ਪ੍ਰਧਾਨਤਾ ਦਿਤੀ ਗਈ ਹੈ (ਖਿਮਾਂ ਅਹਿੰਸਾ ਦਇਆ ਮ੍ਰਿਦ...), ਕਰਨ ਦਾ ਹੁਕਮ ਦੇਣ ਵਾਲੇ ਗੁਰੂ ਸਾਹਿਬ ਜੀਵ ਹਤਿਆ ਰਾਹੀਂ ਪ੍ਰਾਪਤ ਹੋਣ ਵਾਲੇ ਮਾਸ ਦੀ ਵਰਤੋਂ ਦੀ ਕਿਵੇਂ ਆਗਿਆ ਦੇ ਸਕਦੇ ਸਨ ?

ਇਹ ਕੋਈ ਬਹੁਤੀ ਪੁਰਾਣੀ ਗੱਲ ਨਹੀਂ। ਭਾਰਤ ਦੇ ਪਹਿਲੇ ਰਾਸ਼ਟ੍ਰਪਤੀ ਡਾ: ਰਾਜਿੰਦਰ ਪ੍ਰਸ਼ਾਦ ਜੀ ਦੇ ਸਵਰਗ ਵਾਸ ਹੋਣਤੋਂ ਕੁਛ ਸਮਾਂ ਪਹਿਲਾਂ ਦੀ ਘਟਨਾ ਦਸੀ ਜਾਂਦੀ ਹੈ ਕਿ ਜਦੋਂ ਰਾਸ਼ਟ੍ਰਪਤੀ ਜੀ ਨੂੰ ਖ਼ੂਨ ਦੀ ਉਲਟੀ ਆਉਣ ਕਾਰਨ ਉਨ੍ਹਾਂ ਦੀ

Sri Satguru Jagjit Singh Ji Elibrary NamdhariElibrary@gmail.com

ਸਿਹਤ ਖਤਰਨਾਕ ਅਵਸਥਾ ਧਾਰਨ ਕਰ ਗਈ ਸੀ ਤਦ ਉਸ ਸਮੇਂ ਦੇ ਉਪ ਰਾਸ਼ਟ੍ਰਪਤੀ ਡਾ: ਰਾਧਾ ਕ੍ਰਿਸ਼ਨਨ ਜੀ ਨੇ ਦੇਸ ਭਰ ਵਿਚ ਇਕ ਦਿਨ ਲਈ ਜੀਵ ਹਤਿਆ ਬੰਦ ਕਰਕੇ ਰਾਸ਼ਟਰਪਤੀ ਜੀ ਦੀ ਸਿਹਤ ਲਈ ਅਰਦਾਸ ਕਰਨ ਦਾ ਹੁਕਮ ਕੀਤਾ ਸੀ। ਫਲ ਸਰੂਪ ਰਾਸ਼ਟ੍ਰਪਤੀ ਜੀ ਉਸ ਵੇਲੇ ਇੰਨੀ ਭਿਆਨਕ ਬੀਮਾਰੀ ਤੋਂ ਵੀ ਛੁਟਕਾਰਾ ਪਾ ਗਏ ਸਨ। ਇਹ ਇਕ ਦਿਨ ਵਿਚ ਕੀਤੀ ਜੀਵ ਦਇਆ ਦਾ ਹੀ ਫਲ ਸੀ।

ਹੁਣ ਪ੍ਰਸ਼ਨ ਉਠਦਾ ਹੈ ਕਿ ਮਨੁਖ ਦਾ ਅਸਲ ਭੋਜਨ ਕੀ ਹੈ ? ਰਾਮਕਲੀ ਦੀ ਵਾਰ (ਸਤੇ ਤੇ ਬਲਵੰਡ ਡੂਮ ਦੀ ਰਚਨਾ) ਵਿਚ ਗੁਰੂ ਸਾਹਿਬਾਂ ਦੇ ਲੰਗਰ ਦਾ ਜ਼ਿਕਰ ਆਉਂਦਾ ਹੈ। ਬਿਲਕੁਲ ਸ਼ਾਕਾਹਾਰੀ ਵਸਤਾਂ ਉਨ੍ਹਾਂ ਲਿਖੀਆਂ ਹਨ--

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।
ਅਤੇ ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ।

ਕਬੀਰ ਜੀ ਨੇ ਵੀ ਖਿਚੜੀ ਨੂੰ ਮਾਸਾ ਹਾਰ ਤੋਂ ਵਡਿਆਇਆ ਹੈ--

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ ਲੋਨੁ।
ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ।

ਪ੍ਰਮਾਤਮਾਂ ਕੋਲੋਂ ਮੰਗਣ ਵੇਲੇ ਵੀ ਉਨ੍ਹਾਂ ਦਾਲ ਰੋਟੀ ਹੀ ਮੰਗੀ ਸੀ।

ਦੁਇ ਸੇਰ ਮਾਂਗਉ ਚੂਨਾਂ।
ਪਾਉ ਘੀਉ ਸੰਗਿ ਲੂਨਾ।
ਅਧ ਸੇਰੁ ਮਾਂਗਉ ਦਾਲੇ।
ਮੋਕਉ ਦੋਉ ਵਕਤ ਜੀਵਾਲੇ।

'ਖਾਈਦੇ ਦਾਲ ਜਿਹੜੀ ਨਿਭ ਜਾਏ ਨਾਲ' ਦੀ ਪੰਜਾਬੀ ਕਹਾਵਤ ਕੇਹਾ ਮੇਲ ਖਾਂਦੀ ਹੈ ਕਬੀਰ ਜੀ ਦੇ ਵਿਚਾਰ ਨਾਲ।

Sri Satguru Jagjit Singh Ji Elibrary NamdhariElibrary@gmail.com

ਧੰਨੇ ਨੇ ਆਪਣੇ 'ਆਰਤੇ' ਵਿਚ ਜੋ ਚੀਜ਼ਾਂ ਮੰਗੀਆਂ ਸਨ ਮਾਸ, ਕੁਕੜ, ਤਿਤਰ, ਬਕਰੇ ਆਦਿ ਉਸ ਵਿਚ ਵੀ ਕਿਤੇ ਨਹੀਂ ਸਨ। ਉਸ ਦੀ ਮੰਗ ਬਿਲਕੁਲ ਸਪਸ਼ਟ ਸ਼ਾਕਾਹਾਰੀ ਸੀ–

ਦਾਲ ਸੀਧਾ ਮਾਗਉ ਘੀਉ।
ਹਮਰਾ ਖੁਸੀ ਕਰੈ ਨਿਤ ਜੀਉ।
ਪਨੀਆ ਛਾਦਨ ਨੀਕਾ।
ਅਨਾਜੁ ਮਾਂਗਉ ਸਤ ਸੀਕਾ।
ਗਊ ਭੈਸ ਮਾਂਗਉ ਲਵੇਰੀ।
ਇਕ ਤਾਜਨਿ ਤੁਰੀ ਚੰਗੇਰੀ।...'

ਭਾਂਵੇਂ ਕਈ ਰੀਤਾਂ ਰਸਮਾਂ ਕਾਰਨ ਹੁਣ ਇਸਲਾਮ ਵਿਚ ਵੀ ਜੀਵ ਹਤਿਆ ਪ੍ਰਧਾਨ ਹੋ ਗਈ ਹੈ ਪਰ ਕੁਰਾਨ ਵਿਚ ; ਤਾਂ, ਹੋਰਨਾਂ ਧਰਮ ਗ੍ਰੰਥਾਂ ਵਾਂਗ, ਜੀਵ ਦਇਆ ਨੂੰ ਪ੍ਰਮੁਖ ਦਸਿਆ ਤੇ ਬਲੀ ਆਦਿ ਨੂੰ ਨਿੰਦਿਆ ਗਿਆ ਹੈ–ਮੁਹੰਮਦ ਸਾਹਿਬ ਨੇ ਇਕ ਵਾਰ ਕਿਹਾ ਸੀ, 'ਕਿਸੇ ਤਰ੍ਹਾਂ ਵੀ ਉਨ੍ਹਾਂ (ਬਲੀ ਦਿਤੇ ਪਸ਼ੂਆਂ ਆਦਿ) ਦਾ ਮਾਸ ਜਾਂ ਖੂਨ ਅੱਲਾ ਤੱਕ ਨਹੀਂ ਪੁਜੇਗਾ ਸਗੋਂ ਤੁਹਾਡੇ ਵਲੋਂ ਕਿਸੇ ਤੇ ਕੀਤਾ ਹੋਇਆ ਰਹਿਮ ਹੀ ਉਥੇ ਪੁਜ ਸਕੇਗਾ।'

'ਈਸਾਈ ਧਰਮ ਵਿਚ ਵੀ ਦਇਆ ਨੂੰ ਮਾਨਤਾ ਪ੍ਰਾਪਤ ਹੈ। "ਇਹ ਜਾਣਨ ਲਈ ਬਿਲਕੁਲ ਥੋੜ੍ਹੀ ਸਮਝ ਦੀ ਲੋੜ ਹੈ ਕਿ ਦਸ ਹਜ਼ੂਰੀ ਹੁਕਮਾਂ ਵਿਚ ਸਿਹਤ ਤੇ ਖੁਸ਼ਹਾਲੀ ਲਈ ਵੀ ਨੇਮ ਹਨ" । ਜਿਵੇਂ ਇੰਗਲੈਂਡ ਦੇ ਇਕ ਸੰਪਾਦਕ ਰੌਬਿਨ ਫਰੂਡ ਬਾਰਕਲੇ ਨੇ ਲਿਖਿਆ ਸੀ–'ਮਸੀਹ ਦੈਵੀ ਕਾਨੂੰਨ ਜਾਣਦਾ ਸੀ ਤੇ ਇਸੇ ਕਰਕੇ ਉਹਨੇ ਸੋਚਿਆ 'ਜੇਹਾ ਇਕ ਆਦਮੀ ਬੀਜਦਾ ਹੈ ਤੇਹਾ ਹੀ ਵਢੇਗਾ।' ਕਿਸਾਨ ਜੋ ਕਣਕ ਬੀਜਦਾ ਹੈ ਉਹ ਭਖੜਾ, ਰਾਈ ਜਾਂ ਕੋਲਿਆਂ

Sri Satguru Jagjit Singh Ji Elibrary NamdhariElibrary@gmail.com

ਦੇ ਗੁਛੇ ਨਹੀਂ ਸਗੋਂ ਕਣਕ ਹੀ ਵਢੇਗਾ ।' ਇਹੋ ਗਲ ਮਨੁਖ ਮਾਤ੍ਰ ਦੀ ਹੈ। ਜੇ ਉਹ ਅਤਿਆਚਾਰ ਹੀ ਬੀਜਦਾ ਹੈ ਤਾਂ ਤਬਾਹੀ ਹੀ ਸਿਟਾ ਹੋਇਗੀ । ਈਸਾ ਨੇ ਕਿਹਾ ਹੈ, 'ਉਹ ਭਾਗਾਂ ਵਾਲੇ ਹਨ ਜੋ ਕਿਸੇ ਤੇ ਤਰਸ ਕਰਦੇ ਹਨ ਕਿਉਂਕਿ ਉਹ (ਰੱਬੀ) ਰਹਿਮ ਪ੍ਰਾਪਤ ਕਰਨਗੇ ।'

## ਸਰਬ ਵਿਆਪੀ ਸ਼ਾਕਾਹਾਰ

ਸ਼ਾਕਾਹਾਰ ਦੇ ਵਿਰੋਧ ਵਿਚ ਦਿਤੀਆਂ ਜਾਣ ਵਾਲੀਆਂ ਦਲੀਲਾਂ ਵਿਚੋਂ ਆਮ ਪ੍ਰਚਲਤ ਦਲੀਲ ਇਹ ਹੀ ਹੈ ਕਿ ਭਾਰਤ ਵਿਚ ਧਾਰਮਕ ਤੌਰ ਤੇ ਇਸ ਬਾਰੇ ਕੁਛ ਨਾ ਕੁਛ ਕਿਹਾ ਜਾਂਦਾ ਹੈ ਪਰ ਬਦੇਸਾਂ ਵਿਚ ਮਾਸ ਦੀ ਵਰਤੋਂ ਤੋਂ ਬਿਨਾਂ ਝਟ ਲੰਘ ਹੀ ਨਹੀਂ ਸਕਦਾ । ਉਥੇ ਸਭ ਖਾਂਦੇ ਹਨ । ਪਰ ਅਸਲ ਗੱਲ ਇਉਂ ਨਹੀਂ ।

ਸਮਾਂ ਬਦਲ ਚੁਕਾ ਹੈ । ਸਮੇਂ ਦੀ ਤੋਰ ਨਾਲ ਹੀ ਦੁਨੀਆਂ ਵੀ ਬਦਲ ਰਹੀ ਹੈ । ਜੋ ਪਹਿਲਾਂ ਜਾਗ੍ਰਤ ਅਵਸਥਾ ਵਿਚ ਸਨ ਉਹ ਸ਼ਾਇਦ ਹਨ੍ਹੇਰੇ ਦਾ ਕੁਛ ਆਨੰਦ ਮਾਣਨ ਦੀ ਇਛਾ ਰਖਣ ਲਗ ਪਏ ਹਨ ਪਰ ਪਹਿਲਾਂ ਤੋਂ ਚਲੀ ਆ ਰਹੀ, ਸਾਡੇ ਅਨੁਸਾਰ, ਨੀਵੀਂ ਸਭਿਤਾ ਵਾਲੇ ਆਪਣੇ ਆਪ ਨੂੰ ਸੋਧਿਆਂ ਕਰ ਰਹੇ ਹਨ। ਭਾਵੇਂ ਸਾਡੇ ਦੇਸ ਵਾਂਗ ਧਰਮ ਦੇ ਨਾਂ ਤੇ ਮਾਸ ਖਾਣ ਦੀ ਮਨਾਹੀ ਦੀ ਵਿਚਾਰ ਅਜੇ ਪਛਮ ਵਿਚ ਪ੍ਰਚਲਤ ਨਹੀਂ ਹੋਈ ਪਰ ਇਕ ਮਹਾਨ ਬੁਰਿਆਈ ਜ਼ਰੂਰ ਗਿਣੀ ਜਾਣ ਲੱਗ ਪਈ ਹੈ। ਉਹ ਲੋਕ ਮਾਂਸਾਹਾਰ ਨੂੰ, ਸਿਹਤ ਲਈ ਹਾਨੀਕਾਰਕ ਹੋਣ ਕਾਰਨ, ਉਸੇ ਤਰ੍ਹਾਂ ਹੀ ਅਤੀ ਘਿਰਣਾ ਕਰਦੇ ਹਨ ਜਿਵੇਂ ਪਿਛਲੇ ਕੁਛ ਸਾਲਾਂ ਵਿਚ ਰੂਸੀ ਲੋਕਾਂ ਨੇ ਸ਼ਰਾਬ ਵਿਰੁਧ ਕਰਨੀ ਸ਼ੁਰੂ ਕੀਤੀ ਸੀ । ਫੇਰ ਵੀ, ਮੰਨੋਂ ਭਾਵੇਂ ਨਾ, ਬਦੇਸ਼ਾਂ ਵਿਚ ਸ਼ਾਕਾਹਾਰ ਕੋਈ ਨਵੀਂ

Sri Satguru Jagjit Singh Ji Elibrary NamdhariElibrary@gmail.com

ਗੱਲ ਨਹੀਂ

ਜਿਥੋਂ ਤਕ ਯੂਰਪ ਦਾ ਸਬੰਧ ਹੈ ਈਸ਼ਾ ਤੋਂ ਸੈਂਕੜੇ ਸਾਲ ਪਹਿਲਾਂ ਉਥੇ ਸ਼ਾਕਾਹਾਰ ਪ੍ਰਚਲਤ ਸੀ। 'ਹੇਸੀਓਦ' ਜਿਵੇਂ ਹਾਵਰਡ ਵਿਲੀਅਮ ਨੇ ਆਪਣੀ ਪੁਸਤਕ 'ਭੋਜਨ ਦੀ ਸਦਾਚਾਰਕ ਸਿਖਿਆ' ਵਿਚ ਲਿਖਿਆ ਹੈ, 'ਉਨ੍ਹਾਂ ਨੂੰ ਸ਼ਾਕਾਹਾਰ ਦੀ ਮਹਿਮਾ ਗਾ ਕੇ ਸੁਣਾਉਂਦਾ ਹੁੰਦਾ ਸੀ ਜੋ ਐਸ਼ ਭਰਪੂਰ ਜੀਵਨ ਬਿਤਾਉਣ ਦੇ ਆਦੀ ਹੋ ਚੁਕੇ ਸਨ।'

'ਮਾਸ ਵਿਰਧੀ' ਮੰਤਵ ਨਾਲ ਸਥਾਪਤ ਕੀਤੀ ਗਈ 'ਸਭ ਤੋਂ ਪਹਿਲੀ ਸਭਾ, ਜਿਸਦਾ ਕੁਛ ਥਹੁ ਪਤਾ ਚਲਦਾ ਹੈ, ਛੇ ਸਦੀਆਂ ਪੂਰਬ ਈਸਾ ਵਿਚ ਪਾਈਥਾਗੋਰਾਜ਼ ਵਲੋਂ ਕਾਇਮ ਕੀਤੀ ਗਈ ਸੀ। ਚੰਗੇ ਘਰਾਣਿਆਂ ਦੇ ਚੁਣੇ ਹੋਏ ੩੦੦ ਨੌਜੁਆਨ ਤੇ ਕੁਛ ਔਰਤਾਂ ਵੀ ਇਸ ਦੀਆਂ ਮੈਂਬਰ ਸਨ। ਇਨ੍ਹਾਂ ਵਿਚੋਂ ਬਹੁਤੇ ਤਾਂ ਮਰਨ ਪਿਛੋਂ ਵੀ ਇਤਿਹਾਸ ਵਿਚ ਆਪਣਾ ਨਾਂ ਕਾਇਮ ਕਰ ਗਏ। 'ਹਾਈਪਾਤੀਆ' ਆਪਣੇ ਸਮਕਾਲੀਆਂ ਨਾਲੋਂ ਅਫਲਾ-ਤੂੰਨੀ ਯੁਗ ਦੀ ਪਿਛਲੀ ਸ਼ਾਖ ਵਿਚ ਬਹੁਤੀ ਪ੍ਰਸਿਧੀ ਖਟ ਗਈ ਸੀ।

ਉਨ੍ਹਾਂ (ਪਾਈਥਾਗੋਰਾਜ਼) ਦੀ ਇਸ ਸੰਸਥਾ ਦੇ ਨੇਮ ਉਸ ਸਮੇਂ ਤੇ ਕਾਫ਼ੀ ਚਾਨਣਾ ਪਾਉਂਦੇ ਹਨ। ਬਲੀ ਦੇਣ ਦੀ ਸਖ਼ਤ ਮਨਾਹੀ ਸੀ, ਸਿਰਫ਼ ਕੇਕ ਜਾਂ ਫਲ ਹੀ ਮੂਰਤੀ ਅਗੇ ਚੜ੍ਹਾਏ ਜਾ ਸਕਦੇ ਸਨ। ਜਾਨਵਰਾਂ ਨੂੰ ਮਾਰਨਾ ਸਖ਼ਤ ਤੌਰ ਤੇ ਮਨ੍ਹਾਂ ਸੀ। ਇਥੋਂ ਤਕ ਕਿ ਬਿਨਾਂ ਮਤਲਬ ਦੇ ਬਿਰਛਾਂ ਬੂਟਿਆਂ ਨੂੰ ਨੁਕਸਾਨ ਪੁਚਾਉਣ ਤੇ ਵੀ ਪਾਬੰਦੀ ਸੀ। ਇਹ ਇਜੇਹਾ ਹੁਕਮ ਸੀ ਜਿਸ ਤੇ ਜੇ ਹੁਣ ਵੀ ਚਲਿਆ ਜਾਏ ਤਾਂ ਸਾਨੂੰ ਬਿਰਛਾਂ ਦੀ ਥੁੜ ਤੇ ਭੂਮੀ ਖਾਰ ਤੋਂ ਛੁਟਕਾਰਾ ਮਿਲ ਸਕਦਾ ਹੈ।

ਲਗ ਪਗ ਇਸੇ ਸਮੇਂ ਹੀ ਪੂਰਬ ਵਿਚ ਗੌਤਮ ਬੁਧ ਨੇ

Sri Satguru Jagjit Singh Ji Elibrary NamdhariElibrary@gmail.com

ਬੁਧ ਮਤ ਸਥਾਪਤ ਕੀਤਾ ਕਿਉਂਕਿ ਹਿੰਦੂ ਮਤ ਦਾ ਮੂਲ ਫਲਸਫ਼ਾ ਹਜ਼ਾਰ ਵਰ੍ਹਾ ਪੂਰਬ ਈਸਾ ਤੋਂ ਪਹਿਲੇ ਦਿਨਾਂ ਵਾਂਗੂ ਪਛੜ ਗਿਆ ਸੀ। ਮਨੂੰ ਨੇ ਲਿਖਿਆ ਸੀ 'ਜੋ ਵੀ ਕੋਈ ਜਾਣ ਬੁਝ ਕੇ ਕਿਸੇ ਜੀਵ ਨੂੰ ਮੌਤ ਜਾਂ ਬੰਦੀ ਦਾ ਦੁਖ ਨਹੀਂ ਦਿੰਦਾ ਸਗੋਂ ਸਭ ਦਾ ਭਲਾ ਮੰਗਦਾ ਹੈ ਉਹ ਬੇਹੱਦ ਪ੍ਰਸੰਤਾ ਪ੍ਰਾਪਤ ਕਰਦਾ ਹੈ।'

'ਜੋ ਕਿਸੇ ਵੀ ਜੀਵ ਨੂੰ ਦੁਖ ਨਹੀਂ ਦਿੰਦਾ ਉਹ ਸਭ ਚੀਜ਼ਾਂ ਬਿਨਾਂ ਜਤਨ ਦੇ ਹੀ ਪ੍ਰਾਪਤ ਕਰ ਲੈਂਦਾ ਹੈ ਜਿਨ੍ਹਾਂ ਦੀ ਉਹ ਸੋਚ ਕਰਦਾ ਹੈ ਜਾਂ ਜਿਨ੍ਹਾਂ ਲਈ ਜਤਨ ਕਰਦਾ ਹੈ।'

'ਮਾਸ ਕਦੇ ਵੀ ਜਾਨਵਰਾਂ ਨੂੰ ਦੁਖ ਦੇਣ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ ਤੇ ਜੀਵ-ਹਤਿਆ ਅਰਸ਼ੀ (ਦੈਵੀ) ਮਿਹਰ ਪ੍ਰਾਪਤ ਕਰਨ ਵਿਚ ਸਹਾਇਕ ਨਹੀਂ ਹੁੰਦੀ। ਇਸ ਲਈ ਮਾਸ ਤੋਂ ਮਨੁਖ ਨੂੰ ਪ੍ਰਹੇਜ਼ ਕਰਨਾ ਚਾਹੀਦਾ ਹੈ।'

'ਅਖਨਾਤਨ' ਲਗ ਪਗ ੧੪੦੦ ਵਰ੍ਹਾ ਪੂਰਬ ਈਸਾ ਵਿਚ ਮਿਸਰ ਦੀ ਵਿਗੜੀ ਹੋਈ ਪ੍ਰੋਹਤਾਈ ਵਿਚ ਪੈਦਾ ਹੋਇਆ ਸੀ। ਉਸ ਦੀਆਂ ਕੁਰਬਾਨਗਾਹਾਂ ਸਿਰਫ਼ ਕੁਦਰਤ ਦੀ ਬਖਸ਼ਸ਼ ਨਾਲ ਹੀ ਚਿਤਰੀਆਂ ਹੋਈਆਂ ਹਨ। ਇਕ 'ਦਰਦਵੰਦ ਮਾਰਗ' ਚਾਲੂ ਕਰਨ ਦੇ ਉਸ ਦੇ ਵਿਚਾਰ ਤੇ ਕਰੂਰ ਤਾਕਤਾਂ ਭਾਰੂ ਹੋ ਗਈਆਂ। ਬੁਧਮਤ ਗਿਰੀ ਹੋਈ ਪਧਰ ਦੇ ਵਿਰੁਧ ਇਕ ਇਨਕਲਾਬ ਸੀ। ਇਹੋ ਕੁਛ ਹੀ ਬਾਕੀ ਵਿਸ਼ਵ ਵਿਚ ਵਾਪਰ ਰਿਹਾ ਸੀ। ਜ਼ਾਰਾ-ਥਰੁਸਤਰਾ ਨੇ ਈਰਾਨ ਵਿਚ ਜ਼ੋਰੋਆਸਤਰੀਅਨ-ਮੱਤ ਸਥਾਪਤ ਕੀਤਾ। ਲਿਉ ਜ਼ੇ ਤੇ ਕਨਫਿਊਸ਼ਿਸ ਨੇ ਚੀਨ ਵਿਚ ਸੁਧਾਰ ਲਹਿਰ ਦੀ ਅਗਵਾਈ ਕੀਤੀ। ਮਹਾਂ ਵੀਰ ਨੇ ਕਟੜ ਸ਼ਾਕਾਹਾਰੀ ਜੈਨ ਮਤ ਦੀ ਨੀਂਹ ਭਾਰਤ ਵਿਚ ਰਖੀ। ਇਹ ਮਨੁਖੀ ਇਛਿਆ ਪ੍ਰਫੁਲਤ ਹੋਣ ਦਾ ਇਕ ਤਰ੍ਹਾਂ ਨਾਲ ਸੁਹਣਾ ਸਮਾਂ ਸੀ। ਉਨ੍ਹਾਂ ਖੂਨੀ ਪੜਦਿਆਂ ਵਿਚੋਂ ਬਾਹਰ ਨਿਕਲਣ ਲਈ ਇਹ ਇਕ

Sri Satguru Jagjit Singh Ji Elibrary NamdhariElibrary@gmail.com

ਮਿਲਵੀਂ ਤਾਕਤ ਸੀ ਜਿਨ੍ਹਾਂ ਨੇ ਮਨੁਖ ਨੂੰ ਅਤਿਆਚਾਰੀ ਦੁਨੀਆਂ ਵਿਚ ਰੱਖ ਛਡਿਆ ਸੀ।

ਐਂਪੀਡੋਕਲਜ਼ ਪੰਜਵੀਂ ਸਦੀ ਦਾ ਇਕ ਜ਼ੋਰਾਵਰ ਸ਼ਾਕਾਹਾਰੀ ਸੀ ਜਿਹਨੇ ਵਿਸ਼ਵ ਨੂੰ ਲਹੂ ਯੁਕਤ ਭੋਜਨ ਤਿਆਗਣ ਦਾ ਉਪਦੇਸ਼ ਦਿਤਾ। ਉਹ ਕਿਹਾ ਕਰਦਾ ਸੀ, 'ਕੀ ਤੁਸੀਂ ਨਹੀਂ ਵੇਖ ਸਕਦੇ ਕਿ ਆਤਮਾ ਦੀ ਬੇਸਮਝੀ ਵਿਚ ਤੁਸੀਂ ਆਪੇ ਨੂੰ ਤਬਾਹ ਕਰ ਰਹੇ ਹੋ?' ਅਫਲਾਤੂਨ ਨੇ ਭੋਜਨ ਦੇ ਸਬੰਧ ਵਿਚ ਪਾਈਥਾਗੋਰਾਜ਼ ਦੇ ਨੇਮ ਹੀ ਅਪਣਾਏ। ਇਉਂ ਉਨ੍ਹੀਂ ਦਿਨੀਂ ਸ਼ਾਕਾਹਾਰ ਪ੍ਰਸਿਧ ਵਿਚਾਰਵਾਨਾਂ ਵਿਚ ਕਾਫੀ ਪ੍ਰਚਲਤ ਰਿਹਾ।

ਤੀਜੀ ਸਦੀ ਪੂਰਬ ਈਸਾ ਵਿਚ ਤੇ ਬੁਧ ਤੋਂ ਤਿੰਨ ਸੌ ਵਰ੍ਹੇ ਪਿਛੋਂ ਜਦੋਂ ਇਸ ਦੇ ਪ੍ਰਚਾਰਕ ਬਦਚਲਣੀ ਵਲ ਨੂੰ ਝੁਕ ਰਹੇ ਸਨ, ਅਸ਼ੋਕ ਨੇ ਇਕ ਸਭਾ ਬਣਾ ਕੇ ਇਸ ਬਦਚਲਣੀ ਨੂੰ ਰੋਕਿਆ। ਉਸ ਸਭਾ ਨੇ 'ਬੁਧ ਮਰਯਾਦਾ' ਸਥਾਪਤ ਕੀਤੀ ਤੇ ਸਾਰੇ ਭਾਰਤ ਵਿਚ ਬੁਧ ਮਤ ਸਹੀ ਰੂਪ ਨਾਲ ਪ੍ਰਚਾਰਿਆ ਗਿਆ। ਸੜਕਾਂ ਦੇ ਨਾਲ ਨਾਲ ਰੁਖ ਲਾਏ ਗਏ ਤੇ ਖੂਹ ਪੁਟੇ ਗਏ। ਅਸ਼ੋਕ ਨੇ ਮਨੁਖ ਤੇ ਪਸ਼ੂਆਂ ਦੀ ਭਲਾਈ ਹਿਤ ਇਕ ਮਹਾਨ 'ਕੁਦਰਤੀ ਇਲਾਜ ਪ੍ਰਣਾਲੀ' ਦੇ ਕੇਂਦਰ ਵੀ ਸਥਾਪਤ ਕੀਤੇ ਤੇ ਗੁਆਂਢੀ ਦੇਸਾਂ ਵਿਚ ਇਸ ਦਾ ਪ੍ਰਚਾਰ ਵੀ ਕੀਤਾ।

ਈਸਾ ਤੋਂ ਕੁਛ ਵਰ੍ਹੇ ਪੂਰਬ ਓਵਿਦ ਨੇ ਪਾਈਥਾਗੋਰਾਜ਼ ਦਾ ਫਲਸਫ਼ਾ ਪੁਨਰਸੁਰਜੀਤ ਕਰਨ ਦਾ ਜਤਨ ਕੀਤਾ ਤੇ ਰੋਮਨ ਸੀਸੇਰੋ ਨੇ ਵੀ ਪ੍ਰਬਲ ਜ਼ੁਲਮਾਂ ਦੇ ਵਿਰੁਧ ਆਵਾਜ਼ ਉਠਾਈ ਪਰ ਉਸ ਸਮੇਂ ਜੰਗੀ ਦੇਵਤਿਆਂ ਦੀ ਪੂਜਾ ਜੀਵਾਂ ਦੀ ਬਲੀ ਦੇਕੇ ਹੀ ਕਰਨ ਦਾ ਰਿਵਾਜ ਸੀ। ਮਿਥਰਾਜ ਸਭ ਦਾ ਸਿਰਤਾਜ ਸੀ। ਛੋਟੇ ਮੋਟੇ ਧਰਮ, ਜਿਵੇਂ 'ਅਸੀਰੀਆਈ ਯਹੂਦੀ ਸਾਰ' ਤੇ ਨਾਜ਼ੋਰੀਅਨ, 'ਜਿਨ੍ਹਾਂ ਵਿਚ ਸ਼ਾਕਾਹਾਰੀ ਲੋਕ ਸਨ, ਵੀ ਮੌਜੂਦ

ਸਨ। ਬਹੁਤੇ ਸ਼ਾਕਾਹਾਰੀ ਲੋਕ ਈਸਾ ਨੂੰ ਆਪਣੇ ਮੋਢੀਆਂ ਵਿਚੋਂ ਗਿਣਦੇ ਹਨ ਕਿਉਂਕਿ ਉਹਨੇ ਕੇਸ ਵੀ ਨਹੀਂ ਕਟਾਏ ਤੇ ਜ਼ਲ ਬਪਤਿਸਮਾ ਵੀ ਪ੍ਰਵਾਨ ਕੀਤਾ ਜੋ ਉਨ੍ਹਾਂ ਦੀ ਮਢਲੀ ਰਸਮ ਸੀ। ਈਸਾ ਦੇ ਕੁਛ ਨਿਕਟਵਰਤੀ ਵੀ ਸ਼ਾਕਾਹਾਰੀ ਸਨ।

ਯਹੂਦੀਆਂ ਦੀ ਪੁਰਾਤਨ ਅੰਜੀਲ ਤਾਂ ਸ਼ਾਕਾਹਾਰ ਦੇ ਹਵਾਲਿਆਂ ਨਾਲ ਭਰੀ ਪਈ ਹੈ। ਤੌਰੇਤ ਵਿਚ ਤਾਂ ਸਾਫ਼ ਲਿਖਿਆ ਹੈ ਕਿ ਮਨੁਖੀ ਭੋਜਨ ਸ਼ਾਕਾਹਾਰੀ (ਫਲ, ਅਨਾਜ ਤੇ ਪਤੇ ਆਦਿ) ਹੋਣਾ ਚਾਹੀਦਾ ਹੈ। ਯਹੂਦੀਆਂ ਨੂੰ ਮਾਸ ਖਾਣ ਤੇ ਬਲੀ ਦੇਣ ਬਦਲੇ ਝਾੜਾਂ ਪਾਈਆਂ ਜਾਂਦੀਆਂ ਸਨ।

ਐਕਸੋਡਸ, ਲੇਵੀਟਿਕਸ, ਨੰਬਰਜ਼, ਡਿਉਟਰੋਨੋਮੀ, ਜੋਸ਼ੁਆ, ਜੱਜ, ਰੁਥ ਤੇ ਸੈਮਿਉਲ ਆਦਿ ਨੇ ਭੋਜਨ ਯੋਗ ਅਨੇਕਾਂ ਚੀਜ਼ਾਂ (ਜਿਵੇਂ–ਰੋਟੀ, ਦੁਧ, ਸ਼ਹਿਦ, ਫਲ, ਅਨਾਰ, ਕਣਕ, ਜੌਂ, ਮਟਰ, ਮਾਂਹ, ਅੰਗੂਰ, ਆਟਾ, ਖੀਰੇ, ਹਦਵਾਣੇ, ਗੰਢੇ, ਲਸਣ, ਧਨੀਆਂ ਤੇ ਦਾਲਾਂ ਆਦਿ) ਲਿਖੀਆਂ ਹਨ। ਈਸਾਈਆਂ ਨੇ ਤਾਂ ਇਥੋਂ ਤਕ ਕਿਹਾ ਹੈ ਕਿ, 'ਇਕ ਬਲਦ ਦਾ ਕਾਤਲ ਮਨੁਖ ਦਾ ਕਾਤਲ ਹੈ।'

ਤੇ ਜਦੋਂ ਈਸਾਈਅਤ ਲਿਤਾੜੀ ਵੀ ਜਾ ਚੁਕੀ ਸੀ ਤਾਂ ਵੀ ਕੁਛ ਸੰਤਾਂ (ਓਰੀਜਨ, ਟੈਰਟੂਲੀਅਨ ਆਦਿ) ਨੇ ਦੂਜੀ ਤੀਜੀ ਸਦੀ ਵਿਚ ਸ਼ਾਕਾਹਾਰ ਦੇ ਹਕ ਵਿਚ ਆਵਾਜ਼ ਉਠਾਈ ਭਾਵੇਂ ਉਹ ਸੀ ਕੁਛ ਮਧਮ।

ਈਸਾਈ ਤਸੀਹਿਆਂ ਤੋਂ ਡਰਦੇ ਕੁਛ ਲੋਕ ਤਾਂ ਯੂਰਪ ਨੂੰ ਭਜ ਗਏ ਤੇ ਕੁਛ ਇੰਗਲੈਂਡ ਨੂੰ ਜਿਥੇ ਉਨ੍ਹਾਂ ਦੀ ਫਕੀਰੀ ਰਵਾਇਤੀ ਹੈ ਤੇ ਜਦੋਂ ਈਸਾਈਅਤ ਦੇ ਰੋਮਨ ਰੂਪ ਨੇ ਉਨ੍ਹਾਂ ਦਾ ਪਿੱਛਾ ਕੀਤਾ ਤਾਂ ਉਹ ਫਿਰ ਵੇਲਜ਼ ਨੂੰ ਦੌੜੇ ਜਿਥੇ ਸ਼ਾਕਾਹਾਰ ਪ੍ਰਚਲਤ ਸੀ। ਵੇਲਜ਼ ਦਾ ਮੁਖੀ ਸੰਤ, ਡੇਵਿਡ, ਸ਼ਾਕਾਹਾਰੀ ਸੀ।

ਦੂਜੀ ਸਦੀ ਵਿਚ 'ਕਲੀਮੈਨਟਾਈਨ ਹੋਮੀਲਾਈਜ਼' ਵਿਚ (ਜੋ ਈਸਾ ਦੇ ਨਿਕਟ ਵਰਤੀ ਪਤਰਸ ਦੀਆਂ ਸਿਖਿਆਵਾਂ ਤੇ ਆਧਾਰਤ ਸੀ) ਅਸੀਂ ਦੇਖਦੇ ਹਾਂ, 'ਮਾਸ ਯੁਕਤ ਭੋਜਨ ਅਸ਼ੁਧੀ ਕਾਰਨ ਉਨਾ ਹੀ ਭੈੜਾ ਤੇ ਗ਼ੈਰ-ਕੁਦਰਤੀ ਹੈ ਜਿੰਨੀ ਕਾਫ਼ਰ ਪੂਜਾ......।'

ਬਾਦਸ਼ਾਹ ਕਾਂਸਟੈਨਟਾਈਨ ਦੇ ਈਸਾਈਅਤ ਧਾਰਨ ਨਾਲ ਹੀ ਪਛਮ ਹਨੇਰ ਜੁਗ ਦੀ ਲਪੇਟ ਵਿਚ ਆ ਗਿਆ ਜੋ ਕੋਈ ਵੀ ਉਸ ਦੇ ਵਿਸ਼ਵਾਸ ਵਿਰੁਧ ਬੋਲਿਆ ਉਹੀ ਮਾਰਿਆ ਗਿਆ। ਜੋ ਕਿਸੇ ਨੇ ਆਤਮਕ ਸ਼ਕਤੀ ਨਾਲ ਮੌਤ ਤੇ ਜੀਵਨ ਬਾਰੇ ਸਚਿਆਈ ਪ੍ਰਗਟ ਕੀਤੀ ਉਹਨੂੰ ਸਾੜ ਦਿਤਾ ਗਿਆ। ਯੂਨਾਨ ਵਿਚੋਂ ਪ੍ਰਫੁਲਤ ਹੋਣ ਵਾਲੀ ਮਨੁਖੀ ਵਿਚਾਰਧਾਰਾ, ਜਿਸ ਨੇ ਸ਼ਾਕਾਹਾਰ ਪ੍ਰਵਾਨ ਕੀਤਾ, ਬੇਰਹਿਮੀ ਨਾਲ ਕੁਚਲ ਦਿਤੀ ਗਈ ਪਰ 'ਕੁਦਰਤੀ ਇਲਾਜ' ਦਾ ਪ੍ਰਧਾਨ ਸੂਚਕ ਲੁਗੀ ਕੋਰਨਾਰੋ ੧੪੬੫ ਵਿਚ ਪੈਦਾ ਹੋ ਕੇ ੧੦੧ ਵਰ੍ਹਾ ਜੀਵਿਆ ਜੋ ਮੁਢਲਾ ਜੀਵਨ ਦੁਖਾਂ ਵਿਚ ਕਟਣ ਪਿਛੋਂ ਸ਼ਾਕਾਹਾਰੀ ਬਣ ਗਿਆ ਸੀ। ਫਿਰ ਥਾਮਸ ਮੂਰ, ਮੋਨਟੇਨ, ਗਸਿੰਡੀ, ਜਾਨ ਐਵੇਲੀਨ ਵਰਗਿਆਂ ਨੇ ਤਾਂ ਸੁਤੇ ਸਿਧ ਹੀ ਸ਼ਾਕਾਹਾਰ ਨੂੰ ਪ੍ਰਵਾਨ ਕਰ ਲਿਆ। ਮਿਲਟਨ, ਪੋਪ, ਈਸਾਕ ਨਿਊਟਨ ਤੇ ਟਾਲਸਟਾਏ ਵਰਗੇ ਕਟੜ ਸ਼ਾਕਾਹਾਰੀ ਵੀ ਹੋਏ। ਟਾਲਸਟਾਏ ਨੇ ਤਾਂ ਇਥੋਂ ਤਕ ਕਿਹਾ ਸੀ, "ਮਾਂਸਾਹਾਰ ਵਡੇ ਜ਼ੁਲਮ ਦੀ ਜਿਉਂਦੀ ਜਾਗਦੀ ਉਦਾਹਰਣ ਹੈ। ਸ਼ਾਕਾਹਾਰ ਵਲ ਤਬਦੀਲੀ ਵਿਵੇਕ ਬੁਧੀ ਦਾ ਪਹਿਲਾ ਕੁਦਰਤੀ ਸਿਟਾ ਹੈ।" ਅਤੇ "ਜੇ ਕਿਸੇ ਆਦਮੀ ਦੀ ਸਦਾਚਾਰਕ ਇਛਿਆ ਪ੍ਰਬਲ ਹੈ, ਜੇ ਉਹ ਸਦਾਚਾਰਕ ਜੀਵਨ ਲਈ ਤਾਂਘ ਤੇ ਸਨੇਹ ਨਾਲ ਜਤਨ ਕਰਦਾ ਹੈ ਤਾਂ ਉਹਦਾ ਪਹਿਲਾ ਕੰਮ ਪਸ਼ੂ ਭੋਜਨ (ਮਾਂਸਾਹਾਰ) ਤੋਂ ਪ੍ਰਹੇਜ਼ ਹੋਣਾ ਚਾਹੀਦਾ ਹੈ। ਇਸ ਭੋਜਨ ਵਲੋਂ

Sri Satguru Jagjit Singh Ji Elibrary NamdhariElibrary@gmail.com

ਦਿਤੀ ਜਾਂਦੀ ਉਤੇਜਨਾ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਇਹ ਪ੍ਰਗਟ ਤੌਰ ਤੇ ਬਦਕਾਰੀ ਹੈ ਕਿਉਂਕਿ ਇਹ ਸਦਾਚਾਰਕ ਵਿਚਾਰਧਾਰਾ ਦੇ ਉਲਟ ਹੈ ''

ਲਗ ਪਗ ੧੭੦੦ ਵਿਚ ਇਟਲੀ ਵਿਚ ਭੋਜਨ ਸੁਧਾਰ ਲਹਿਰ ਸ਼ੁਰੂ ਹੋਈ। ਡੇਵਿਡ ਹਾਰਟਲੇ ਨੇ ੧੭੬੦ ਵਿਚ 'ਮਾਂਸਾਹਾਰ ਦੀ ਨਿਰਦੇਤਾ' ਲਿਖੀ ! ਰੂਸੋ ਨੇ ੧੭੬੦ ਵਿਚ ਆਪਣੀ 'ਕੁਦਰਤੀ ਜੀਵਨ' ਲਹਿਰ ਆਰੰਭੀ। ਕੁਛ ਚਿਰ ਲਈ ਸ਼ੈਲੇ ਵੀ ਸ਼ਾਕਾਹਾਰੀ ਰਿਹਾ। ਬਾਇਰਨ ਨੇ ਵੀ ਇਸ ਨੂੰ ਅਜ਼ਮਾਇਆ। ਬਰਨਾਰਡਸ਼ਾਅ ਤਾਂ ਸ਼ਾਕਾਹਾਰ ਦੇ ਪ੍ਰਸਿਧ ਹਮਾਇਤੀਆਂ ਵਿਚੋਂ ਇਕ ਸੀ। ਅਬਰਾਹਮ ਲਿੰਕਨ ਨੇ ਪਹਿਲਾ ਲੇਖ ਸ਼ਾਇਦ ਜ਼ੁਲਮ ਦੇ ਵਿਰੁਧ ਹੀ ਲਿਖਿਆ ਸੀ। ਭਾਵੇਂ ਉਹ ਆਪਣੇ ਟੁਟੇ ਫੁਟੇ ਘਰ ਵਿਚ ਠੰਢ ਹਥੋਂ ਕਾਫ਼ੀ ਔਖਾ ਹੁੰਦਾ ਸੀ ਤੇ ਇਸ ਦੇ ਅਸਰ ਨੂੰ ਚੰਗੀ ਤਰ੍ਹਾਂ ਜਾਣਦਾ ਵੀ ਸੀ ਪਰ ਉਹ ਆਪਣੀ ਰੋਟੀ ਕਿਸੇ ਭੁਖੇ ਸਿਪਾਹੀ ਜਾਂ ਕੁਤੇ ਨੂੰ ਦੇ ਦਿੰਦਾ ਸੀ। ਕਿਸੇ ਗੁਲਾਮ ਨੂੰ ਫੜਨ ਲਈ ਆਮ ਕਰਕੇ ਕੁਛ ਇਨਾਮ ਰਖਿਆ ਜਾਂਦਾ ਸੀ ਤੇ ਲੋਕ ਉਸ ਲਈ ਲਹੂ ਲਿਬੜੇ ਹਥਿਆਰ ਲੈਕੇ ਭਜਦੇ ਸਨ ਪਰ ਲਿੰਕਨ ਦਾ ਉਸ ਨਾਲ ਕੋਈ ਵਾਸਤਾ ਨਹੀਂ ਸੀ ਹੁੰਦਾ ਕਿਉਂਕਿ ਉਹ ਜੀਵਾਂ ਤੇ ਦਇਆ ਕਰਨ ਦਾ ਹਾਮੀ ਸੀ।

ਡਾ: ਅਲਬਰਟ ਸ਼ਵਾਈਟਜ਼ਰ, ਜੋ ਜੀਵਨ ਦੇ ਬਹੁਤੇ ਖੇਤਰਾਂ ਵਿਚ ਵਿਸ਼ਵ ਪ੍ਰਸਿਧੀ ਖਟ ਚੁਕੇ ਹਨ ਤੇ ਜਿਨ੍ਹਾਂ ਨੇ ਆਪਣੇ ਸਮੇਂ ਦੀ ਸਨਾਤਨਾ ਨੂੰ ਵੀ ਵੰਗਾਰਿਆ ਸੀ, ਉਸ ਦੁਨੀਆਂ ਤੋਂ ਪਾਸੇ ਹੋ ਗਏ ਜਿਸ ਵਿਚ ਰਹਿ ਕੇ ਉਨ੍ਹਾਂ ਨੇ ਇਸ ਲਈ ਡਾਕਟਰੀ ਵਿਦਿਆ ਪ੍ਰਾਪਤ ਕੀਤੀ ਤਾਂ ਕਿ ਉਹ ਡਾਕਟਰੀ ਪ੍ਰਚਾਰਕ ਵਜੋਂ ਮਨੁਖਤਾ ਦੀ ਸੇਵਾ ਕਰ ਸਕਣ। ਉਨ੍ਹਾਂ ਨੇ ਸਰੀਰ ਤੇ ਰੂਹ ਦੋਹਾਂ ਦਾ ਹੀ ਇਲਾਜ ਕੀਤਾ। ਲੈਂਬੇਰੇਨੇ ਦੇ ਹਸਪਤਾਲ ਵਿਚ ਜੋ

ਸ਼ਲਾਘਾ ਯੋਗ ਕੰਮ ਉਨ੍ਹਾਂ ਨੇ ਕੀਤਾ ਉਸ ਲਈ ਮਾਇਆ ਦਾ ਪ੍ਰਬੰਧ ਵੀ ਉਨ੍ਹਾਂ ਇਕੱਲਿਆਂ ਨੇ ਹੀ ਕੀਤਾ ਸੀ। ਉਸੇ ਕੰਮ ਦੇ ਇਵਜ਼ ਵਿਚ ਉਨ੍ਹਾਂ ਨੂੰ ੧੫੬੦੦੦ ਰੁਪਏ ਦਾ 'ਨੋਬਲ ਇਨਾਮ' ਦਿਤਾ ਗਿਆ। ਉਨ੍ਹਾਂ ਦਿਨਾਂ ਵਿਚ ਉਸ ਇਲਾਕੇ ਵਿਚ ਪੰਜ ਸੌ ਮੀਲ ਤਕ ਕੋਈ ਡਾਕਟਰ ਨਹੀਂ ਸੀ ਹੁੰਦਾ। ਜੇਮਜ਼ ਕੈਮਰਨ, ਜੋ ਉਨ੍ਹਾਂ ਨਾਲ ਕੁਛ ਚਿਰ ਰਹੇ, ਨੇ ਲਿਖਿਆ ਹੈ, 'ਡਾਕਟਰ ਸਾਹਿਬ ਸਿਰਫ਼ ਫਲ ਤੇ ਭਾਜੀਆਂ ਹੀ ਛਕਦੇ ਹਨ ਪਰ ਅੰਬ, ਮਟਰ ਤੇ-ਸਭ ਤੋਂ ਵਧ ਕੇ-ਉਬਾਲੇ ਹੋਏ ਕੇਲੇ ਬਹੁਤੀ ਮਾਤਰਾ ਵਿਚ ਖਾਂਦੇ ਹਨ। ਡਾਕਟਰ ਜੀ ਨੂੰ ਅਜੋਕੀ ਸਭਿਤਾ ਬਾਰੇ ਕੋਈ ਭੁਲੇਖਾ ਨਹੀਂ ਤੇ ਇਹੀ ਕਾਰਨ ਹੈ ਕਿ ਉਹ 'ਜੀਵਨ ਦੀ ਪਵਿਤਰਤਾ' ਦੇ ਆਧਾਰ ਤੇ ਇਕ ਨਵੀਂ ਸਭਿਤਾ ਵਿਕਸਤ ਕਰਨ ਦੀ ਪ੍ਰੋੜ੍ਹਤਾ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰਮਾਣੂ ਬੰਬਾਂ ਵਾਲੀ ਵਰਤਮਾਨ ਸਭਿਤਾ ਜੀਵਨ ਦੀ ਤਬਾਹੀ ਤੇ ਆਧਾਰਤ ਹੈ।'

ਡਾ: ਸ਼ਵਾਈਟਜ਼ਰ ਹੁਣ ਵੀ ਇਕ ਵਰ੍ਹੇ ਦੇ ੮੦੦ ਓਪਰੇਸ਼ਨ ਕਰ ਲੈਂਦੇ ਹਨ। ਉਹ ਇਕ ਮਰੀਜ਼ ਦੀ ਚਿੰਤਾ ਜਨਕ ਅਵਸਥਾ ਵਿਚ ੭੨ ਘੰਟੇ ਨਾ ਸੌਣ ਲਈ ਵੀ ਪ੍ਰਸਿਧ ਹਨ। ਜਦੋਂ ਕੋਈ ਉਨ੍ਹਾਂ ਦੀ ਮਹਾਨ ਸੇਵਾ ਦਾ ਜ਼ਿਕਰ ਕਰਦਾ ਹੈ ਤਾਂ ਉਹ ਬੇਸਬਰੀ ਨਾਲ ਕਹਿਣ ਲੱਗ ਪੈਂਦੇ ਹਨ, "ਅਸੀਂ ਭਾਵੇਂ ਸਭ ਨੇ ਇਕ ਦਿਨ ਜ਼ਰੂਰ ਮਰਨਾ ਹੈ ਪਰ ਜੇ ਮੈਂ ਕਿਸੇ ਜ਼ਿੰਦਗੀ ਨੂੰ ਦੁਖ ਤੋਂ ਬਚਾ ਸਕਦਾ ਹੋਵਾਂ ਤਾਂ ਮੈਂ ਉਸ ਨੂੰ ਆਪਣਾ ਮਹਾਨ ਤੇ ਨਵਾਂ ਕੰਮ ਸਮਝਦਾ ਹਾਂ...ਤੇ ਸਭ ਤੋਂ ਵਡਾ ਇਨਾਮ, ਮੈਂ ਸਮਝਦਾ ਹਾਂ, ਮੈਨੂੰ ਉਦੋਂ ਮਿਲ ਜਾਂਦਾ ਹੈ ਜਦੋਂ ਕੋਈ ਰੋਗੀ ਓਪਰੇਸ਼ਨ ਪਿਛੋਂ ਮੇਰਾ ਹਥ ਫੜ ਕੇ ਕਹਿੰਦਾ ਹੈ 'ਮੈਨੂੰ -ਕੋਈ ਦੁਖ ਅਨੁਭਵ ਨਹੀਂ ਹੋ ਰਿਹਾ'। ਡਾਕਟਰ ਸ਼ਵਾਈਟਜ਼ਰ ਅਨੁਸਾਰ 'ਉਹ ਸਦਾਚਾਰੀ ਆਦਮੀ ਹੈ ਜੋ ਸੂਰਜ ਦੀ ਧੁਪ ਨਾਲ ਚਮਕ ਰਹੀ ਬਰਫ਼ ਦਾ ਕੋਈ ਕਣ ਵੀ ਉਸ ਤੋਂ ਵਖ ਨਹੀਂ ਕਰਦਾ ਤੇ ਜੋ ਰੁਖ ਨਾਲੋਂ ਕੋਈ ਪੱਤਾ

Sri Satguru Jagjit Singh Ji Elibrary NamdhariElibrary@gmail.com

ਤਕ ਵੀ ਨਹੀਂ ਤੋੜਦਾ।"

## ਬਰਤਾਨੀਆਂ ਵਿਚ ਸ਼ਾਕਾਹਾਰ

ਅੱਜ ਬਰਤਾਨੀਆਂ ਵਿਚ ਭਾਰਤੀਆਂ ਦੀ ਇੰਨੀ ਭਰਮਾਰ ਹੈ ਕਿ ਕਈ ਬਰਤਾਨਵੀ ਸ਼ਹਿਰ ਤਾਂ ਪੰਜਾਬੀ ਜਾਂ ਭਾਰਤੀ ਸ਼ਹਿਰ ਹੀ ਭਾਸਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਪ੍ਰੰਪਰਾ ਤੋਂ ਸ਼ਾਕਾਹਾਰ ਲਈ ਪ੍ਰਸਿਧ ਦੇਸ ਤੋਂ ਜਾਕੇ ਉਥੇ ਵਸਣ ਵਾਲਿਆਂ ਦੀ ਬਹੁ ਸੰਖਿਆ ਮਾਂਸਾਹਾਰੀ ਹੈ। ਇਹ ਲੋਕ ਸਿਰਫ਼ ਮਾਂਸਾ-ਹਾਰੀਆਂ ਵੱਲ ਹੀ ਦੇਖਦੇ ਹਨ, ਨਿਤ ਨਵੇਂ ਸੂਰਜ ਸ਼ਾਕਾਹਾਰੀਆਂ ਦੀ ਵਧਦੀ ਗਿਣਤੀ ਵੱਲ ਇਨ੍ਹਾਂ ਦਾ ਖਿਆਲ ਕਦੇ ਜਾਂਦਾ ਹੀ ਨਹੀਂ। ਪਰ ਪਛਮ ਵਾਲੇ ਆਪ ਮੰਨਦੇ ਹਨ ਕਿ ਉਨ੍ਹਾਂਨੂੰ ਭਾਰਤੀਆਂ ਤੋਂ ਕੁਛ ਸਿਖਣ ਦੀ ਲੋੜ ਹੈ। 'ਵਰਤਮਾਨ ਜੀਵਨ ਦੀਆਂ ਅਣਗਿਣਤ ਸਹੂਲਤਾਂ, ਜੋ ਪਛਮ ਪੁਰਾਤਨ ਖਿਆਲੀ ਵਿਸ਼ਵ ਨੂੰ ਦੇ ਸਕਦਾ ਹੈ ਅਤੇ ਮਾਸ ਨੂੰ ਜੀਵਨ ਆਧਾਰ ਮੰਨਣ ਦੇ ਉਸ (ਪਛਮ) ਦੇ ਗਲਤ ਵਿਚਾਰ ਦੇ ਹੁੰਦਿਆਂ ਹੋਇਆਂ ਵੀ ਪਛਮ ਨੂੰ ਭਾਰਤ ਤੋਂ ਇਹ ਸਿਖਣ ਦੀ ਲੋੜ ਹੈ ਕਿ ਇਹ(ਭਾਰਤੀ)ਪਸ਼ੂਆਂਦਾ ਮਾਸਕਿਉਂ ਅੰਗੀਕਾਰ ਨਹੀਂ ਕਰਦੇ।"ਜਿਵੇਂ ਸ੍ਰੀ ਮਤੀ ਗੋਸਕ ਨੇ ੧੯੫੭ ਵਿਚ ਕਿਹਾ ਸੀ, 'ਆਪਣੇ ਗਿਆਨ ਨੂੰ ਆਪਣੇ ਤਕ ਹੀ ਸੀਮਿਤ ਨਾ ਰਖੋ।" ਜੇਹਾ ਦੇਸ ਤੇਹਾ ਭੇਸ ਦੇ ਅਸੂਲ ਨੂੰ ਗਲਤ ਦਸਦਿਆਂ ਉਨ੍ਹਾਂ ਤਾਗੀਦ ਕੀਤੀ ਸੀ, "ਜਦੋਂ ਤੁਸੀਂ ਪਛਮ ਵਿਚ ਜਾਉ ਤਾਂ ਆਪਣੇ ਜਮਾਂਦਰੂ ਸਿਧਾਂਤ ਕਾਇਮ ਰਖੋ ਤੇ ਮਾਸ ਨਾਲ ਆਪਣੇ ਖੂਨ ਨੂੰ ਖਰਾਬ ਨਾ ਕਰੋ ਕਿਉਂਕਿ ਇਸ ਦੋਸ਼ ਨੂੰ ਸਰੀਰ ਤੇ ਮਨ ਵਿਚੋਂ ਕਢਣ ਨੂੰ ਬਹੁਤ ਸਮਾਂ ਲੱਗਦਾ ਹੈ...ਬਹੁਤੇ ਪੂਰਬੀ ਪ੍ਰਤਿਸ਼ਟਤ ਸੱਜਣ, ਇਹ ਇਕ ਸਚਿਆਈ ਹੈ, ਇਸ ਸ਼ੋਭਾ ਤੋਂ ਹਿਠਾਂ ਨੂੰ ਡਿਗ ਪਏ ਹਨ ਤੇ ਪਛਮੀ ਭੋਜਨ ਵਲ ਨੂੰ ਝੁਕ ਗਏ

Sri Satguru Jagjit Singh Ji Elibrary NamdhariElibrary@gmail.com

ਹਨ।'' ਇਸ ਤੇ ਦੁਖ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਸੀ, ''ਅਸੀਂ ਕਿੰਨੇ ਦੁਖੀ ਹੁੰਦੇ ਹਾਂ ਤੁਹਾਡੀ ਨੌਜੁਆਨ ਪੀੜ੍ਹੀ ਨੂੰ ਇਉਂ ਕਰਦਿਆਂ ਦੇਖ ਕੇ! ਕੁਛ ਹੱਦ ਤਕ ਅੰਗ੍ਰੇਜ਼ੀ ਪਰਾਈ ਭਾਸ਼ਾ ਹੋਣ ਕਾਰਨ ਬਹੁਤਿਆਂ ਨੇ ਇਸ ਨੂੰ ਲਾਂਭ ਹੀ ਰਖਿਆ ਪਰ ਮਾਸ ਖਾਣ ਦੀ ਆਦਤ, ਜੋ ਨਿਰੀ 'ਪਰਾਈ' ਹੀ ਨਹੀਂ ਸਗੋਂ ਤਬਾਹੀ ਮਚਾਉ ਵੀ ਹੈ ਤੇ ਉਨ੍ਹਾਂ ਨੇਮਾਂ ਦੇ ਉਲਟ ਹੈ ਜਿਨ੍ਹਾਂ ਤੇ ਇਹ ਦੇਸ਼ (ਭਾਰਤ) ਕਾਇਮ ਰਿਹਾ ਹੈ। ਫੇਰ ਇਸ ਦਾ ਤਿਆਗ ਕਿਉਂ ਨਹੀਂ ਚਾਹੀਦਾ?''

ਭਾਵੇਂ ਬਰਤਾਨੀਆਂ ਵਿਚ ਹੁਣ ਸ਼ਾਕਾਹਾਰੀਆਂ ਲਈ ਕਾਫ਼ੀ ਸਹੂਲਤਾਂ ਹਨ ਪਰ ਫਿਰ ਵੀ ਪਹਿਲੇ ਕਠਨ ਸਮਿਆਂ ਵਿਚ ਵੀ ਉਥੇ ਸ਼ਾਕਾਹਾਰੀਆਂ ਦੀ ਕੋਈ ਥੁੜ ਨਹੀਂ ਸੀ।

੧੮੦੯ ਵਿਚ ਡਬਲਿਉ ਕੋਹੈਰਡ ਨੇ ਸਾਲਫੋਰਡ ਦੇ ਪਹਿਲੇ ਪਾਰਲੀਮੈਂਟ ਮੈਂਬਰ ਜੋਸਿਫ ਬ੍ਰਾਦਰਟਨ ਨਾਲ ਮਿਲ ਕੇ 'ਬਾਈਬਲ ਈਸਾਈ ਚਰਚ' ਸਥਾਪਤ ਕੀਤਾ ਜਿਸ ਦੀਆਂ ਮੈਂਬਰੀ ਦੀਆਂ ਸ਼ਰਤਾਂ ਵਿਚੋਂ ਇਕ ਸੀ ਅਲਕੋਹਲ (ਸ਼ਰਾਬ ਦੀ ਇਕ ਕਿਸਮ) ਤੇ ਮਾਸਾਹਾਰ ਤੋਂ ਪ੍ਰਹੇਜ਼। ੧੮੪੧ ਵਿਚ ਇਸ ਦੇ ੪੧ ਮੈਂਬਰ ਅਮਰੀਕਾ ਗਏ ਜਿਥੇ ਮੈਟਕਾਫ਼ ਦੀ ਅਗਵਾਈ ਵਿਚ ਉਸੇ ਤਰ੍ਹਾਂ ਦਾ 'ਚਰਚ' ਫਿਲਾਡੈਲਫ਼ੀਆ ਵਿਚ ਵੀ ਸਥਾਪਤ ਕੀਤਾ ਗਿਆ। ਸ਼ਾਕਾਹਾਰ ਦੇ ਪ੍ਰਚਾਰ ਨੂੰ ਤਿਖੇਰਾ ਕਰਨ ਲਈ ਵਿਸ਼ਵ ਭਰ ਵਿਚ ਆਪਣੀ ਕਿਸਮ ਦੀ ਇਹ ਪਹਿਲੀ ਸਭਾ ਸੀ। ਅਮਰੀਕੀ ਤੇ ਬਰਤਾਨਵੀ, ਦੋਹਾਂ ਸ਼ਾਕਾਹਾਰੀਆਂ ਦੀ ਪਹਿਲੀ ਇਕੱਤਰਤਾ ੧੮੫੦ ਵਿਚ ਨਿਊਯਾਰਕ (ਅਮਰੀਕਾ) ਵਿਚ ਹੋਈ ਸੀ।

ਇਹ ਸ਼ਾਕਾਹਾਰੀ ਮੰਡਲ ਕੋਈ ਐਵੇਂ ਬਣੀ ਸਭਾ ਨਾ ਰਹੀ ਸਗੋਂ ਦਿਨਾਂ ਵਿਚ ਹੀ ਉਨਤੀ ਕਰ ਗਿਆ। ਪਹਿਲੇ ਵਰ੍ਹੇ ਹੀ ਇਸ ਦੇ ੩੩੧ ਮੈਂਬਰ ਭਰਤੀ ਹੋ ਗਏ। ਦੂਜੇ ਵਰ੍ਹੇ ਜਦੋਂ ਇਸ

Sri Satguru Jagjit Singh Ji Elibrary NamdhariElibrary@gmail.com

ਦੀ ਇਕਤਰਤਾ ਨੂੰ ਗਿਆਰਾਂ ਸਾਲ ਤੋਂ ਸ਼ਾਕਾਹਾਰ ਅਪਣਾ ਚੁਕੇ ਇਸਾਕ ਪਿਤਮੈਨ ਨੇ ਸੰਬੋਧਨ ਕੀਤਾ ਤਦ ਇਸ ਦੇ ਮੈਂਬਰਾਂ ਵਿਚੋਂ ਇਕ ਪਾਰਲੀਮੈਂਟ ਮੈਂਬਰ, ਇਕ ਮੈਜਿਸਟ੍ਰੇਟ, ੨੦ ਹਕੀਮ ਤੇ ਸਰਜਨ, ੯ ਵਜ਼ੀਰ, ੧੧ ਵਕਤੇ ਤੇ ਲੇਖਕ, ੫੫ ਕਾਰੋਬਾਰੀ ਆਦਮੀ, ੨੨ ਵਪਾਰੀ ਤੇ ਉਤਪਾਦਕ, ੮ ਕਿਸਾਨ, ੧੫ ਘਰੇਗੀ ਆਦਮੀ, ੪੧੮ ਵਪਾਰੀ, ਮਕੈਨਕ ਤੇ ਕਾਮੇ ਮਜ਼ਦੂਰ ਤੇ ੧੧ ਵਿਦਿਆਰਥੀ ਵੀ ਸਨ। ਸਾਰੇ ਮੈਂਬਰਾਂ ਵਿਚੋਂ ੫੭੨ ਆਦਮੀ ਤੇ ੨੨੯ ਤ੍ਰੀਮਤਾਂ ਸਨ । ਅੱਜ ਬਰਤਾਨੀਆਂ ਵਿਚ ੬੦ ਤੋਂ ਉਪਰ ਸ਼ਾਕਾਹਾਰੀ ਸੰਸਥਾਵਾਂ ਹਨ।

ਜਾਪਾਨ ਤਾਂ ਸ਼ਾਕਾਹਾਰੀਆਂ ਲਈ ਇਕ ਤਰ੍ਹਾਂ ਦਾ ਸਵਰਗ ਗਿਣਿਆਂ ਜਾਂਦਾ ਹੈ । ਪ੍ਰੰਪਰਾ ਤੋਂ ਜਾਪਾਨੀ ਲੋਕ ਸ਼ਾਕਾਹਾਰੀ ਹਨ। ਉਨ੍ਹਾਂ ਦੇ ਭੋਜਨ ਦਾ ਆਧਾਰ ਆਮ ਕਰ ਕੇ ਚੌਲ ਹੁੰਦੇ ਹਨ। ਚੌਲਾਂ ਦੀ ਜਾਪਾਨ ਵਿਚ ਮਹੱਤਤਾ ਇਕ ਦੋ ਵਿਸ਼ੇਸ਼ ਰਸਮਾਂ ਤੋਂ ਜਾਣੀ ਜਾ ਸਕਦੀ ਹੈ । ਫਰਵਰੀ ਦੇ ਮਹੀਨੇ ਬਾਦਸ਼ਾਹ 'ਕਾਸ਼ੀਕੋ ਡੋਕੋਰੋ' ਵਿਚ, ਜੋ ਸ਼ਾਹੀ ਪੂਜਾ ਸਥਾਨ ਹੈ, ਇਕ ਸੰਸਕਾਰ ਕਰਦਾ ਹੈ। ਇਸ ਵਿਚ ਉਹ ਕਿਸਾਨਾਂ ਦੀ ਚੌਲ ਉਗਾਉਣ ਵਿਚ ਦੈਵੀ ਮਦਦ ਲਈ ਅਰਦਾਸ ਕਰਦਾ ਹੈ । ਇਸ ਪਿਛੋਂ ਦੋ ਹੋਰ ਮਹਤਵ ਪੂਰਨ ਘਟਨਾਵਾਂ ਆਉਂਦੀਆਂ ਹਨ । ਪਹਿਲੀ ਤਾਂ ੧੭ ਅਕਤੂਬਰ ਨੂੰ 'ਕਾਨਾਮੇ-ਸਾਈ' ਹੁੰਦੀ ਹੈ ਜਦੋਂ ਦੇਵਤਿਆਂ ਨੂੰ ਸਭ ਤੋਂ ਪਹਿਲਾਂ ਚੌਲ ਭੇਟ ਕੀਤੇ ਜਾਂਦੇ ਹਨ ਤੇ ਦੂਜੀ ਹੁੰਦੀ ਹੈ ੨੩ ਨਵੰਬਰ ਨੂੰ 'ਨੀਨਾਮੇ-ਸਾਈ' ਜਦੋਂ ਸ਼ਾਹੀ ਪਰਵਾਰ ਤੇ ਹੋਰ ਲੋਕ ਨਵੀਂ ਫਸਲ ਵਿਚੋਂ ਪਹਿਲੀ ਵਾਰ ਚੌਲ ਖਾਂਦੇ ਹਨ।

ਜਾਪਾਨੀ ਲੋਕ ਆਲੂਆਂ ਤੋਂ ਵੀ ਵਖੋ ਵਖਰੇ ਭੋਜਨ ਤਿਆਰ ਕਰਦੇ ਹਨ ਜਿਨ੍ਹਾਂ ਵਿਚ ਵਿਟਾਮਿਨ ਬੀ ਤੇ ਸੀ ਬਹੁਤੇ ਹੁੰਦੇ ਹਨ । ਹਲਕੀਆਂ ਪਕਾਈਆਂ ਹੋਣ ਕਾਰਨ ਜਾਪਾਨੀ

Sri Satguru Jagjit Singh Ji Elibrary NamdhariElibrary@gmail.com

ਸਬਜ਼ੀਆਂ ਵੀ ਵਿਟਾਮਿਨ ਏ ਤੇ ਸੀ ਭਰਪੂਰ ਹੁੰਦੀਆਂ ਹਨ।

ਇਕ ਵਧੀਆ ਜਾਪਾਨੀ ਭੋਜਨ ਹੈ 'ਸ਼ਾਕਾਹਾਰੀ ਟੈਂਪੂਰਾ'। ਟੈਂਪੂਰਾ ਸ਼ਾਇਦ ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜੋ ਜਾਪਾਨ ਵਿਚ ਪੁਰਤਗੇਜ਼ਾਂ ਦੇ ਨਾਲ ਹੀ ਆਇਆ। ਇਹ ਉਸ ਧਾਰਮਕ ਦਿਨ ਦਾ ਸੂਚਕ ਹੈ ਜਿਸ ਦਿਨ ਮਾਸ ਬਿਲਕੁਲ ਹੀ ਨਹੀਂ ਸੀ ਖਾਧਾ ਜਾਂਦਾ। ਜਾਪਾਨੀ ਲੋਕ ਆਪਣੇ ਪ੍ਰਾਹੁਣਿਆਂ ਨੂੰ ਇਹ ਭੋਜਨ ਜ਼ਰੂਰ ਪੇਸ਼ ਕਰਦੇ ਹਨ।

## ਅੰਤ੍ਰਰਾਸ਼ਟਰੀ ਸ਼ਾਕਾਹਾਰੀ ਸੰਗਠਨ

ਇਸੇ ਉਪਰੋਕਤ ਸ਼ਾਕਾਹਾਰੀ ਮੰਡਲ ਵਲੋਂ ੧੯੦੭ ਵਿਚ 'ਅੰਤ੍ਰਰਾਸ਼ਟਰੀ ਸ਼ਾਕਾਹਾਰੀ ਸੰਗਠਨ' ਸਥਾਪਤ ਕੀਤਾ ਗਿਆ ਤੇ ੧੯੦੭ ਵਿਚ ਹੀ ਇਸ ਦੀ ਪਹਿਲੀ ਇਕਤਰਤਾ ਡਰੇਸਡਨ ਵਿਚ ਹੋਈ। ਇਸ ਪਿਛੋਂ ਸੰਗਠਨ ਵਲੋਂ ਵਖ ਵਖ ਦੇਸਾਂ ਵਿਚ ਇਕਤ੍ਰਤਾਵਾਂ ਹੁੰਦੀਆਂ ਰਹੀਆਂ। ੧੯੦੭ ਤੋਂ ਪਹਿਲਾਂ ਹੋਰਨਾਂ ਮੁਲਕਾਂ (ਜਿਵੇਂ ਫਰਾਂਸ, ਹਾਲੈਂਡ, ਜਰਮਨੀ, ਨਾਰਵੇ, ਸਵੀਡਨ, ਸਪੇਨ, ਰੁਮਾਨੀਆ ਤੇ ਡੈਨਮਾਰਕ ਆਦਿ) ਵਿਚ ਸ਼ਾਕਾਹਾਰੀ ਮਿਲਣੀਆਂ ਹੁੰਦੀਆਂ ਰਹਿੰਦੀਆਂ ਸਨ। ਅੱਜ ਬਰਤਾਨੀਆਂ ਤੋਂ ਬਿਨਾਂ ਹੋਰ ਵੀ ਲਗ ਪਗ ਸਾਰੇ ਦੇਸਾਂ ਵਿਚ ਹੀ ਸ਼ਾਕਾਹਾਰੀ ਸਭਾਵਾਂ ਕਾਇਮ ਹੋ ਚੁਕੀਆਂ ਹਨ। ਜੀਵ ਭਲਾਈ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ (ਜਿਵੇਂ—ਅੰਤਰ ਰਾਸ਼ਟਰੀ ਸਭਿਆਚਾਰਕ ਸੰਸਥਾ ਤੇ ਉਸ ਨਾਲ ਸਬੰਧਤ ਹੋਰ ਸਭਾਵਾਂ) ਇਸ ਤੋਂ ਵਖਰੀਆਂ ਹਨ ਤੇ ਦਿਨ ਰਾਤ ਇਕ ਕਰ ਕੇ ਮੰਤਵ ਪੂਰਤੀ ਲਈ ਅਗੇ ਵਧ ਰਹੀਆਂ ਹਨ। ਚੀਚਕ ਦਾ ਟੀਕਾ, ਜੋ ਅਜੇ ਤਕ ਬਹੁਤੇ ਥਾਈਂ ਸ਼ਾਕਾਹਾਰੀਆਂ ਲਈ ਇਕ ਸਮੱਸਿਆ ਹੈ, ਬਰਤਾਨੀਆਂ ਵਿਚ ਲੋਕਾਂ ਦੀ ਆਪਣੀ ਮਰਜ਼ੀ ਅਨੁਸਾਰ ਲਾਇਆ

Sri Satguru Jagjit Singh Ji Elibrary NamdhariElibrary@gmail.com

ਜਾਂ ਲੁਆਇਆ ਜਾ ਸਕਦਾ ਹੈ, ਜ਼ਬਰੀ ਨਹੀਂ। ਇਉਂ ਬਦੇਸ਼ਾਂ ਵਿਚ ਸ਼ਾਕਾਹਾਰ ਦਿਨ ਦੁਗਣੀ ਰਾਤ ਚੌਗੁਣੀ ਉਨਤੀ ਕਰ ਰਿਹਾ ਹੈ।

## ਸ਼ਾਕਾਹਾਰ ਤੇ ਸਿਹਤ

ਦੁਨੀਆਂ ਵਿਚ ਦੋ ਤਰ੍ਹਾਂ ਦੇ ਲੋਕ ਹਨ। ਇਕ ਤਾਂ ਉਹ ਜੋ ਜੀਊਣ ਲਈ ਖਾਂਦੇ ਹਨ ਤੇ ਇਕ ਉਹ ਜੋ ਖਾਣ ਲਈ ਜਿਊਣਾ ਚਾਹੁੰਦੇ ਹਨ। ਦੂਜੀ ਤਰ੍ਹਾਂ ਦੇ ਲੋਕਾਂ ਦਾ ਖਿਆਲ ਹੈ ਕਿ ਚੰਗੀ ਸਿਹਤ ਕੇਵਲ ਮਾਂਸਾਹਾਰ ਨਾਲ ਹੀ ਹੋ ਸਕਦੀ ਹੈ ਪਰ ਪੁਰਾਤਨ ਤੇ ਵਰਤਮਾਨ ਖੋਜੀਆਂ ਨੇ ਇਹ ਗੱਲ ਨਿਰਮੂਲ ਸਿਧ ਕਰ ਦਿਤੀ ਹੈ। ਸਰ ਹੈਨਰੀ ਥਾਂਪਸਨ, ਇਕ ਪ੍ਰਸਿਧ ਸਰਜਨ, ਨੇ ਕਿਹਾ ਹੈ, 'ਇਹ ਭਾਰੀ ਗਲਤੀ ਹੈ ਜੇ ਮਾਂਸਾਹਾਰ ਨੂੰ ਜੀਵਨ ਲਈ ਜ਼ਰੂਰੀ ਸਮਝਿਆ ਜਾਏ।'

ਰਾਇ ਬਹਾਦਰ ਚੂਨੀ ਲਾਲ ਬੋਸ ਆਈ. ਐਸ. ਓ. ਐਮ. ਬੀ. ਐਫ. ਸੀ. ਐਸ. ਨੇ ੧੯੧੮ ਵਿਚ ਸਾਇੰਸ ਕਨਵੈਨਸ਼ਨ ਸਾਹਮਣੇ ਇਕ ਬਿਆਨ ਵਿਚ ਕਿਹਾ ਸੀ, "ਇਕ ਸਮਾਂ ਸੀ ਜਦ ਮਾਸ ਸਭ ਤੋਂ ਵਧ ਤਾਕਤ ਪੈਦਾ ਕਰਨ ਵਾਲੀ ਖੁਰਾਕ ਸਮਝੀ ਜਾਂਦੀ ਸੀ ਪਰ ਹੁਣ ਇਹ ਖਿਆਲ ਬਦਲ ਗਿਆ ਹੈ। ਸਾਡੀ ਰੋਜ਼ਾਨਾ ਖੁਰਾਕ ਵਿਚ ਰੋਟੀ, ਚੌਲ, ਘਿਉ, ਮੱਖਣ, ਬਨਾਸਪਤੀ ਤੇਲ ਤੇ ਸ਼ਕਰ, ਬਹੁਤਾ ਕੰਮ ਕਰਨ ਵਾਸਤੇ ਸਭ ਤਰ੍ਹਾਂ ਦੀ ਤਾਕਤ ਪੈਦਾ ਕਰਦੇ ਹਨ।' ਹਿੰਦੁਸਤਾਨ ਦੀ ਵਸੋਂ ਦਾ ਬਹੁਤ ਵੱਡਾ ਹਿੱਸਾ ਮੱਛੀ ਤੇ ਮਾਸ ਨੂੰ ਛੋਂਹਦਾ ਤੱਕ ਨਹੀਂ ਉਨ੍ਹਾਂ ਦੀ ਖੁਰਾਕ ਵਿਚ ਪ੍ਰੋਟੀਨ ਵਾਲੀਆਂ ਸਭ ਤੋਂ ਵਧੀਆ ਚੀਜ਼ਾਂ ਦੁਧ ਜਾਂ ਦਹੀਂ ਤੋਂ ਬਣੀਆਂ ਹੋਈਆਂ ਹਨ।"

ਦੁਧ ਤੇ ਕੇਲੇ ਨੂੰ ਸਭ ਪੂਰਨ ਖੁਰਾਕ ਮੰਨਦੇ ਹਨ।

ਦੁਧ ਤਾਂ (ਵਿਸ਼ੇਸ ਕਰਕੇ ਗਊ ਦਾ) ਬੁਧੀ ਤੇ ਨਿਗ੍ਹਾ ਲਈ ਵੀ ਲਾਭਦਾਇਕ ਹੁੰਦਾ ਹੈ। ਡਾ: ਹੈਸਟ ਵੈਡਟ ਇਸ ਖੁਰਾਕ ਬਾਰੇ ਆਪਣੀ ਪੁਸਤਕ 'ਕਰਿਸਟੋਫਰ ਦਾ ਬਾਗ' ਵਿਚ ਲਿਖਦੇ ਹਨ, "ਦੁਧ ਵਿਚ ਪ੍ਰੋਟੀਨ-ਐਮੀਨੋ ਐਸਿਡ ਨਾਲ ਰਲਵੀਂ ਹੁੰਦੀ ਹੈ। ਇਸ ਪ੍ਰੋਟੀਨ ਵਿਚ ਹੋਰਨਾਂ ਤੱਤਾਂ ਤੋਂ ਛੁਟ ਇਕ ਉਸਾਰੂ ਤੱਤ ਵੀ ਸਮਾਇਆ ਹੁੰਦਾ ਹੈ ਜੋ ਪੱਠਿਆਂ ਤੇ ਦਿਮਾਗ਼ ਦਾ ਇਕ ਨਿਸਚਿਤ ਭੋਜਨ ਹੈ। ਮਨੁਖ ਭਾਵੇਂ ਉਹ ਛੋਟਾ ਹੋਵੇ ਜਾਂ ਵੱਡਾ, ਜੋ ਦੁਧ ਨੂੰ ਅਪਨਾ ਲੈਂਦਾ ਉਸ ਵਿਚ ਉਹੀ ਵਿਸ਼ੇਸ਼ਤਾਈਆਂ ਵਿਕਸਤ ਹੋ ਜਾਂਦੀਆਂ ਹਨ ਜੋ ਉਸ ਦੁਧ ਨੇ ਕਰਨੀਆਂ ਹੁੰਦੀਆਂ ਹਨ। ਜੋ ਜੁਆਨ ਗਊ ਦਾ ਦੁਧ ਬਹੁਤਾ ਵਰਤਦੇ ਹਨ ਉਹ ਕੁਦਰਤੀ ਤੌਰ ਤੇ ਗਊ ਦੀ ਬੁਧੀ ਦੀ ਪਧਰ ਨੂੰ ਪੁਜ ਜਾਣਗੇ। ਨਾਲੇ ਉਹ ਸਰੀਰਕ ਤੌਰ ਤੇ ਵੀ ਬਹੁਤੇ ਵਧ ਤੇ ਛੇਤੀ ਤਕੜੇ ਹੋ ਜਾਂਦੇ ਹਨ।"

ਸਿਹਤ ਵਿਗਿਆਨੀਆਂ ਅਨੁਸਾਰ ਮਨੁਖੀ ਸਰੀਰ ਨੂੰ ਤੰਦਰੁਸਤ ਰਖਣ ਲਈ ਜਿਸ ਭੋਜਨ ਦੀ ਲੋੜ ਹੈ ਉਸ ਵਿਚ ਕਾਰਬੋਜ਼, ਚਿਕਨਾਈ, ਪ੍ਰੋਟੀਨ, ਖਣਿਜ ਲੂਣ, ਕੈਲਸ਼ੀਅਮ, ਲੋਹਾ, ਫਾਸਫੋਰਸ, ਕਲੋਰੀਨ ਤੇ ਵਿਟਾਮਿਨ ਆਦਿ ਜ਼ਰੂਰ ਹੋਣੇ ਚਾਹੀਦੇ ਹਨ। ਇਹ ਸਾਰੇ ਦੇ ਸਾਰੇ ਅੰਗ ਡਾ: ਜਾਨ ਹਾਰਵੇ ਕੈਲੋਗ, ਹੈਨਰੀ ਲਿੰਡਲਹਾਰ, ਡਾ: ਸ਼ੈਤਮੈਨ ਆਦਿ ਅਨੁਸਾਰ, ਸਬਜ਼ੀਆਂ ਭਾਜੀਆਂ, ਦਾਲਾਂ ਤੇ ਫਲਾਂ ਵਿਚੋਂ ਵਧੀਆ ਤੇ ਕਾਫ਼ੀ ਮਾਤਰਾ ਵਿਚ ਪ੍ਰਾਪਤ ਹੋ ਜਾਂਦੇ ਹਨ। ਇਕ ਪ੍ਰਸਿਧ ਭੋਜਨ ਵਿਗਿਆਨੀ ਸਰ ਰਾਬਰਟ ਐਮ ਸੀ ਕੈਰੀਸਨ ਨੇ ਭਾਰਤ ਵਿਚ ਪੌਸ਼ਟਿਕਤਾ ਸਬੰਧੀ ਆਪਣੀ ਰਾਇ ਦਿੰਦਿਆਂ ਕਿਹਾ ਸੀ, "ਪੂਰਨ ਆਹਾਰ ਉਹ ਹੈ ਜਿਸ ਵਿਚ ਦੁਧ ਤੇ ਦੁਧ ਤੋਂ ਬਣੀਆਂ ਹੋਰ ਚੀਜ਼ਾਂ, ਅਨਾਜ, ਜਾਂ ਅਨਾਜਾਂ ਦਾ ਮਿਸ਼ਣ, ਹਰੇ ਪਤੇ ਵਾਲੀਆਂ ਸਬਜ਼ੀਆਂ

Sri Satguru Jagjit Singh Ji Elibrary NamdhariElibrary@gmail.com

ਤੇ ਫਲ ਆਦਿ ਹੋਣਾ" ਇਹ ਸਰੀਰ ਦੀ ਹਰ ਕਮੀ ਨੂੰ ਪੂਰਿਆਂ ਕਰ ਕੇ ਰੋਗਾਂ ਤੋਂ ਸਰੀਰ ਦੀ ਰਖਿਆ ਕਰਦੇ ਹਨ।

ਗਾਜਰਾਂ ਇਕ ਸਧਾਰਨ ਚੀਜ਼ ਹੀ ਸਮਝੀ ਜਾਂਦੀ ਹੈ। ਇਸ ਵਿਚ ਪੀਲੇ ਰੰਗ ਦਾ ਇਕ ਅੰਸ਼ ਹੁੰਦਾ ਹੈ ਕੈਰੋਟੀਨ। ਵਿਟਾਮਿਨ 'ਏ' ਦਾ ਇਹ ਭਰਪੂਰ ਖਜ਼ਾਨਾ ਹੈ। ਦੂਜੇ ਸ਼ਬਦਾਂ ਵਿਚ ਇਸ ਨੂੰ ਸ਼ਾਕਾਹਾਰੀ ਮੱਛੀ ਕਿਹਾ ਜਾ ਸਕਦਾ ਹੈ। ਇਸ ਦੇ ਉਸਾਰੂ ਤਤ ਪਕਾਉਣ ਨਾਲ ਵੀ ਨਸ਼ਟ ਨਹੀਂ ਹੁੰਦੇ। ਫਿਰ ਇਸ ਵਿਚ ਫਾਸਫੋਰਸ, ਕੈਲਸ਼ੀਅਮ, ਫੌਲਾਦ, ਨਿਸ਼ਾਸਤਾ, ਸ਼ਕਰ ਅਤੇ ਵਿਟਾਮਿਨ ਬੀ ਤੇ ਸੀ ਵੀ ਮੌਜੂਦ ਹੁੰਦੇ ਹਨ। ਕਾਲੀਆਂ ਗਾਜਰਾਂ ਵਿਚ ਫੌਲਾਦ ਵਧੇਰੇ ਤੇ ਪੀਲੀਆਂ ਵਿਚ ਵਿਟਾਮਿਨ ਏ ਵਧੇਰੇ ਹੁੰਦਾ ਹੈ। ਗਾਜਰ ਦਾ ਪ੍ਰਯੋਗ ਨਜ਼ਰ ਵੀ ਵਧਾਉਂਦਾ ਹੈ।

ਭਾਵੇਂ ਕੋਈ ਕਿਹੋ ਜਹੇ ਪੌਣ ਪਾਣੀ ਵਿਚ ਰਹਿੰਦਾ ਹੋਵੇ ਭੋਜਨ ਦਾ ਮੰਤਵ ਸਿਰਫ ਸਰੀਰ ਦੀ ਪ੍ਰਫੁਲਤਾ ਹੀ ਨਹੀਂ ਸਗੋਂ ਉਸ ਨੂੰ ਗਰਮੀ ਦੇਣ ਤੇ ਲੁੜੀਂਦੀ ਕੰਮ-ਸ਼ਕਤੀ ਪੈਦਾ ਕਰਨਾ ਵੀ ਹੈ। ਸਿਆਣੀ ਉਮਰ ਦੇ ਲੋਕਾਂ ਲਈ ਭੋਜਨ ਦਾ ਮੁਖ ਹਿੱਸਾ ਸਚ ਮੁਚ ਹੀ ਸਰੀਰਕ ਗਰਮੀ ਪੈਦਾ ਕਰਨ ਲਈ ਤੇ ਕੁਛ ਹੱਦਤੱਕ ਬਦਲਵੀਂ ਮਾਤਰਾ ਵਿਚ ਉਨ੍ਹਾਂ ਸਰੀਰਕ ਲੋੜਾਂ ਨੂੰ ਪੂਰਿਆਂ ਕਰਨ ਲਈ ਕੰਮ ਦਿੰਦਾ ਹੈ। ਸਾਰਾ ਦਿਨ ਹਥੌੜੇ ਦਾ ਕੰਮ ਕਰਨ ਵਾਲੇ ਮਿਸਤਰੀ ਨੂੰ ਸ਼ਾਂਤ ਜੀਵਨ ਬਤੀਤ ਕਰਨ ਵਾਲੇ ਪ੍ਰੋਫੈਸਰ ਜਾਂ ਕਲਰਕ ਨਾਲੋਂ ਵਧੇਰੇ ਥੰਧਿਆਈ ਤੇ ਕਾਰਬੋਹਾਈਡਰੇਟ ਵਾਲੇ ਭੋਜਨ ਦੀ ਲੋੜ ਹੁੰਦੀ ਹੈ ਪਰ ਅਨਾਜਾਂ ਦੀ ਅਦਲਾ ਬਦਲੀ ਕਰਦੇ ਰਹਿਣਾ ਚਾਹੀਦਾ ਹੈ!

## ਮਾਂਸਾਹਾਰ-ਰੋਗਾਂ ਦਾ ਘਰ

ਲਿਸ਼ਕਵੇਂ ਪੁਸ਼ਕਵੇਂ ਤੇ ਚਟਪਟੇ ਭੋਜਨ ਸਿਹਤ ਲਈ

Sri Satguru Jagjit Singh Ji Elibrary NamdhariElibrary@gmail.com

ਕੋਈ ਚੰਗੇ ਤਾਂ ਨਹੀਂ ਸਗੋਂ ਇਜੇਹੇ ਭੋਜਨਾਂ ਨਾਲ ਦੰਦ ਜਰਜਰੇ ਹੋ ਜਾਂਦੇ ਹਨ। ਬਹੁਤੇ ਅਜਿਹੇ ਭੋਜਨ ਹੀ ਕਬਜ਼,ਜਿਸ ਨੂੰ ਰੋਗਾਂ ਦੀ ਮਾਂ ਤੇ ਮਨੁਖ ਘਾਤਕ ਵੀ ਕਿਹਾ ਜਾਦਾ ਹੈ, ਦਾ ਕਾਰਨ ਬਣਦੇ ਹਨ। ਡਾ: ਬਰਚਰ ਬੇਨਰ ਨੇ ਆਪਣੀ ਪੁਸਤਕ 'ਮੰਦੀ ਸਿਹਤ ਦਾ ਨਰਕ' ਵਿਚ ਲਿਖਿਆ ਹੈ, "ਟੂਬੀਨਜੇਨ ਦੇ ਪ੍ਰੋਫੈਸਰ ਕੇਨਸਲੰਨ ਨੇ ਹਰ ਰੋਜ਼ ਦੋ ਵਿਦਿਆਰਥੀਆਂ ਨੂੰ ਸੁਆਦੀ ਢੰਗ ਨਾਲ ਤਿਆਰ ਕੀਤਾ ਹੋਇਆ ੧੫੦੦ ਗਰਾਮ ਮਾਸ, ਤੀਹ ਗਰਾਮ ਚਿਟੀ ਰੋਟੀ ਤੇ ਨਿੰਬੂ ਦਾ ਪਾਣੀ ਦੇਣਾ ਸ਼ੁਰੂ ਕੀਤਾ। ਸਿਰਫ਼ ਦਸ ਦਿਨਾਂ ਵਿਚ ਹੀ ਉਨ੍ਹਾਂ ਦੀਆਂ ਬਰੀਕ ਨਾੜਾਂ ਵਿਚ ਬੜੇ ਭਿਆਨਕ ਜ਼ਖ਼ਮ ਹੋ ਗਏ।" ਈ. ਈ. ਪਿਉਰੀਟਨ ਦਾ ਮੱਤ ਹੈ ਕਿ ਕੇਵਲ ਅਨੰਦ ਪ੍ਰਾਪਤੀ ਲਈ ਹੀ ਭੋਜਨ ਕਰਨਾ ਦੁਖ ਨੂੰ ਸੱਦਾ ਦੇਣਾ ਹੈ ਤੇ ਬਿਨਾਂ ਪ੍ਰਸੰਨਤਾ ਭੋਜਨ ਖਾਣਾ ਵੀ ਨਿਰਜਿੰਦ ਹੋ ਕੇ ਖਾਣ ਦੇ ਬਰਾਬਰ ਹੈ।

ਮਾਂਸਾਹਾਰ ਸਿਹਤ ਲਈ ਸੌ ਪ੍ਰਤੀਸ਼ਤ ਹਾਨੀਕਾਰਕ ਹੈ। ਸਿਹਤ ਵਿਗਿਆਨੀਆਂ ਅਨੁਸਾਰ ਮਾਂਸਾਹਾਰੀਆਂ ਦੀ ਪਾਚਨ ਸ਼ਕਤੀ ਬਹੁਤੀ ਨਸ਼ਟ ਹੁੰਦੀ ਹੈ ਤੇ ਇਉਂ ਬਹੁਤੀ ਵਿਸ਼ੈਲੀ ਵਸਤੂ, ਜੋ ਛੇਤੀ ਹੀ ਸਰੀਰੋਂ ਬਾਹਰ ਨਿਕਲਣੀ ਚਾਹੀਦੀ ਹੈ, ਅੰਦਰ ਪਈ ਰਹਿੰਦੀ ਹੈ ਤੇ ਪੌਸ਼ਕ ਪਦਾਰਥਾਂ ਨਾਲ ਮਿਲ ਕੇ ਬਹੁਤੇ ਮਾਨਸਕ ਤੇ ਸਰੀਰਕ ਰੋਗ ਉਤਪੰਨ ਕਰਨ ਦਾ ਕਾਰਨ ਵੀ ਬਣਦੀ ਹੈ। ਮਾਸ ਨਾਲ ਮਿਲੇ ਹੋਏ ਕਈ ਹੋਰ ਪਦਾਰਥ ਵੀ ਅੰਦਰ ਜਾਕੇ ਮਨੁਖੀ ਸਰੀਰ ਨੂੰ ਲੋਹੜੇ ਦੀ ਹਾਨੀ ਪੁਚਾਉਂਦੇ ਹਨ। ਉਨ੍ਹਾਂ ਟੀਕਿਆਂ ਦੀ ਜ਼ਹਿਰ, ਜੋ ਮਾਸ ਦੇਣ ਵਾਲੇ ਜਾਨਵਰਾਂ ਨੂੰ ਲਾਏ ਜਾਂਦੇ ਹਨ, ਵੀ ਕਈ ਰੋਗਾਂ ਦਾ ਕਾਰਨ ਬਣਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਕਿਸੇ ਵੀ ਜਾਨਵਰ ਦੀ ਮੌਤ ਹੁੰਦਿਆਂ ਹੀ ਉਸ ਦਾ ਲਹੂ ਜ਼ਹਿਰੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਭੋਜਨ

Sri Satguru Jagjit Singh Ji Elibrary NamdhariElibrary@gmail.com

ਵਿਚਲੀ ਇਜੇਹੀ ਜ਼ਹਿਰ ਨਾਲ ਮਰਨ ਵਾਲੀਆਂ ਦੁਰਘਟਨਾਵਾਂ ਵਿਚ ੮੦ ਪ੍ਰਤੀਸ਼ਤ ਕਾਰਨ ਇਹੋ ਕਿਟਾਣੂ ਹੁੰਦੇ ਹਨ । ਇਕ ਅਮਰੀਕਨ ਮਾਹਿਰ ਅਨੁਸਾਰ ਮਾਸ ਖਾਣ ਵਾਲੇ ਨੂੰ ੧੮੬ ਰੋਗ ਹੋ ਜਾਂਦੇ ਹਨ।

ਮਾਂਸਾਹਾਰੀਆਂ ਦੀਆਂ ਅੰਤੜੀਆਂ ਵਿਚ ਚਿਕਣੀ ਚਰਬੀ ਦੀ ਹੋਂਦ ਕੇਲਸ਼ੀਅਮ ਨੂੰ ਗ੍ਰਹਿਣ ਕਰਨੋਂ ਰੋਕਦੀ ਹੈ। ਮਾਂਸਾਹਾਰੀਆਂ ਨੂੰ ਕੇਲਸ਼ੀਅਮ ਦੀ ਘਾਟ ਦੁਖਦਾਈ ਹੁੰਦੀ ਹੈ। ਜਾਨਵਰਾਂ ਤੋਂ ਪ੍ਰਾਪਤ ਹੋਈ ਚਰਬੀ ਵਿਚ ਇਕ ਜ਼ਹਿਰ 'ਕੋਲੈਸਟਰਲ' ਹੁੰਦੀ ਹੈ ਜੋ ਦਿਲ ਦੇ ਰੋਗਾਂ ਦਾ ਇਕ ਕਾਰਨ ਹੈ;

ਕਾਰਬੋਜ਼ ਤਾਂ ਮਾਂਸਾਹਾਰੀਆਂ ਨੂੰ ਮਿਲਦੇ ਹੀ ਨਾ ਹੋਣ ਦੇ ਬਰਾਬਰ ਹਨ ਕਿਉਂਕਿ ਇਹ ਬਹੁਤ ਮਿਲਦੇ ਹੀ ਆਲੂ, ਅਨਾਜ ਤੋਂ ਬਣੀਆਂ ਚੀਜ਼ਾਂ ਤੇ ਕੇਲੇ ਤੋਂ ਹਨ । ਭੋਜਨ ਵਿਚਲਾ ਮਿਠੇ ਦਾ ਤਤ ਖੰਡ, ਗੁੜ, ਸ਼ਕਰ, ਸ਼ਹਿਦ, ਪਕੇ ਕੇਲੇ ਤੇ ਮਿਠੇ ਫਲਾਂ ਤੋਂ ਪ੍ਰਾਪਤ ਹੁੰਦਾ ਹੈ। ਥੰਧਿਆਈ ਤੇਲ, ਮੱਖਣ ਤੇ ਘਿਉ ਤੋਂ ਮਿਲ ਜਾਂਦੀ ਹੈ। ਜਾਨਵਾਰਾਂ ਤੋਂ ਪ੍ਰਾਪਤ ਹੋਣ ਵਾਲੀ ਚਿਕਨਾਈ ਵੀ ਸੁਕੀ ਹੋਣ ਦੇ ਕਾਰਨ ਦੂਜੀ ਨਾਲੋਂ ਘਟ ਲਾਭਦਾਇਕ ਹੁੰਦੀ ਹੈ।

ਪ੍ਰੋਟੀਨ ਦੀ ਪ੍ਰਾਪਤੀ ਲਈ ਵੀ ਆਮ ਲੋਕ ਮਾਸ ਦੀ ਸ਼ਰਨ ਲੈਂਦੇ ਹਨ ਪਰ ਇਹ ਸੋਆ ਬੀਨ (ਮਟਰ) ਤੇ ਦਾਲਾਂ ਤੋਂ ਸਗੋਂ ਚੰਗੀ ਤੇ ਵਧੇਰੀ ਮਾਤਰਾ ਵਿਚ ਮਿਲ ਜਾਂਦੀ ਹੈ । ਮਾਸ ਵਿਚ ਪ੍ਰੋਟੀਨ ਸਿਰਫ਼ ੧੬ ਪ੍ਰਤੀਸ਼ਤ ਤੇ ਥੰਧਿਆਈ ੧੯ ਪ੍ਰਤੀਸ਼ਤ ਹੁੰਦੀ ਹੈ ਜਦ ਕਿ ਮਟਰਾਂ ਵਿਚ ਪ੍ਰੋਟੀਨ ੪੦, ਮੂੰਗਫਲੀ ਵਿਚ ੨੮ ਤੇ ਪਨੀਰ ਵਿਚ ੨੫ ਪ੍ਰਤੀਸ਼ਤ ਹੁੰਦੀ ਹੈ । ਥੰਧਿਆਈ ਕ੍ਰਮਵਾਰ ੨੭, ੪੯ ਤੇ ੩੪ ਪ੍ਰਤੀਸ਼ਤ ਹੁੰਦੀ ਹੈ। ਜਾਪਾਨ ਤੇ ਇੰਡੋਨੇਸ਼ੀਆ ਜਹੇ ਮੁਲਕਾਂ ਵਿਚ ਤਾਂ ਮਟਰਾਂ ਤੋਂ ਹੀ ਦੁਧ ਦਾ ਕੰਮ ਲਿਆ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ। ਮਾਸ ਤੋਂ ਬਣੀਆਂ ਚੀਜ਼ਾਂ ਵਿਚ ਤਾਂ ਪਾਣੀ ਹੀ ਪ੍ਰਧਾਨ (ਲਗ ਪਗ ੬੪ ਪ੍ਰਤੀਸ਼ਤ ਹੁੰਦਾ ਹੈ।

"ਆਮ ਦਾਲਾਂ ਮਟਰ, ਲੋਬੀਆ ਤੇ ਮਸਰ ਹਨ।" ਜਿਵੇਂ ਡਾਕਟਰ ਰਾਬਰਟ ਏ. ਐਮ. ਬੀ. ਬੀ. ਐਸ. ਸੀ. ਸੀ. ਲੰਡਨ ਆਪਣੀ ਪੁਸਤਕ 'ਫਸਟ ਸਟੇਜ ਹਾਈਜੈਨ ਦੇ ਪੰਨਾਂ ੯੬ ਤੇ ਲਿਖਦੇ ਹਨ, "ਏਹ ਹੋਰ ਭਾਜੀਆਂ ਨਾਲੋਂ ਵਿਸ਼ੇਸ਼ਤਾ ਰਖਦੀਆਂ ਹਨ, ਕਿਉਂਕਿ ਇਨ੍ਹਾਂ ਵਿਚ ਹੋਰ ਭਾਜੀਆਂ ਨਾਲੋਂ ਪ੍ਰੋਟੀਨ ਸਭ ਤੋਂ ਵਧੇਰੇ ਹੁੰਦੀ ਹੈ। ਸਾਡੀਆਂ ਸਭ ਖੁਰਾਕਾਂ ਵਿਚੋਂ ਬਿਨਾਂ ਪਨੀਰ ਦੇ ਇਹ ਸਭ ਤੋਂ ਵਧੀਕ ਪਰੋਟੀਨ ਵਾਲੀ ਖੁਰਾਕ ਹੈ।"

ਇਸ ਤੋਂ ਪਹਿਲਾਂ ਕਿ ਅਸੀਂ ਬਨਾਸਪਤੀ ਵਿਚੋਂ ਮਿਲਣ ਵਾਲੀ ਪ੍ਰੋਟੀਨ ਨੂੰ ਘਟੀਆ ਦਰਜੇ ਦੀ ਕਹਿ ਕੇ ਨਿੰਦੀਏ-ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਹਾਥੀ ਦਾ ਆਕਾਰ ਬਹੁਤ ਵਡਾ ਹੁੰਦਾ ਹੈ, ਹਰਨ ਦੀ ਚਾਲ ਬਹੁਤ ਤਿਖੇਰੀ ਹੁੰਦੀ ਹੈ, ਘੋੜੇ ਵਿਚ ਸਹਿਣ ਸ਼ਕਤੀ ਬਹੁਤੀ ਹੁੰਦੀ ਹੈ, ਤੇ ਗਊ, ਸਿਰਫ਼ ਆਪਣਾ ਹੀ ਗੁਜ਼ਾਰਾ ਨਹੀਂ ਕਰਦੀ ਸਗੋਂ ਹੋਰਨਾਂ ਲਈ ਦੁਧ ਵੀ ਪੈਦਾ ਕਰਦੀ ਹੈ। ਇਹ ਸਾਰੇ ਦੇ ਸਾਰੇ ਹੀ ਬਨਾਸਪਤੀ ਭੋਜਨ ਵਰਤਦੇ ਹਨ।

ਮੂੰਗਫਲੀ, ਖੋਪਾ ਤੇ ਤਿਲਾਂ ਵਿਚ ਲੋਹੜੇ ਦੀ ਪ੍ਰੋਟੀਨ ਹੁੰਦੀ ਹੈ। ਮੂੰਗਫਲੀ ਤਾਂ ਇਸ ਪਖੋਂ ਥੋੜ੍ਹਿਆਈ ਯੁਕਤ ਪ੍ਰੋਟੀਨ ਹੋਣ ਕਾਰਨ ਆਂਡੇ ਆਦਿ ਨੂੰ ਵੀ ਮਾਤ ਪਾਉਂਦੀ ਹੈ। ਮਿੱਸੀ ਰੋਟੀ ਐਮੀਨੋ ਐਸਿਡ ਦੀ ਘਾਟ ਨੂੰ ਦੂਰ ਕਰਦੀ ਹੈ । ਮੱਕੀ ਤੇ ਵੜੇਵਿਆਂ ਦਾ ਮਿਲਵਾਂ ਆਟਾ, ਖਮੀਰ ਸਹਿਤ, ਵਿਟਾਮਿਨ ਏ ਤੇ ਕੈਲਸ਼ੀਅਮ ਕਾਰਬੋਨੇਟ ਭਰਪੂਰ ਹੁੰਦਾ ਹੈ ਜੋ 'ਸ਼ਾਕਾਹਾਰੀ ਕਤਲੰਮੇ' ਵਜੋਂ ਛੇ ਕੇਂਦਰੀ ਅਮਰੀਕਨ ਮੁਲਕਾਂ ਤੇ ਮੈਕਸੀਕੋ ਵਿਚ ਸਫਲਤਾ ਸਹਿਤ ਪ੍ਰਯੋਗ ਕੀਤਾ ਗਿਆ ਹੈ।

ਰਹੀ ਗੱਲ ਵਿਟਾਮਿਨ ਬੀ ੧੨ ਦੀ। ਇਹ ਦੁਧ, ਫਲੀਦਾਰ

Sri Satguru Jagjit Singh Ji Elibrary NamdhariElibrary@gmail.com

ਸਬਜ਼ੀਆਂ ਤੇ ਮੂੰਗਫਲੀ ਵਿਚੋਂ ਪ੍ਰਾਪਤ ਹੋ ਜਾਂਦਾ ਹੈ ਤੇ ਫੋਲਿਕ ਐਸਿਡ ਗੂੜ੍ਹੇ ਹਰੇ ਰੰਗੇ ਪਤਿਆਂ ਵਾਲੀਆਂ ਸਬਜ਼ੀਆਂ ਵਿਚੋਂ।

ਕਈਆਂ ਨੇ ਆਂਡੇ ਨੂੰ ਵੀ ਦੁਧ ਵਾਂਗ ਪੂਰਨ ਖੁਰਾਕ ਹੋਣ ਦਾ ਮਾਣ ਦੇਣ ਦੀ ਕੋਸ਼ਸ਼ ਕੀਤੀ ਹੈ ਪਰ ਵਿਗਿਆਨਕ ਖੋਜ ਨੇ ਹੀ ਇਹ ਸਿਧ ਕਰ ਦਿਤਾ ਹੈ ਕਿ ਆਂਡੇ ਵਿਚ ੧.੪ ਤੋਂ ਲੈਕੇ ੨.੦੦੯ ਪ੍ਰਤੀਸ਼ਤ ਕੋਲੈਸਟਰਲ (ਜ਼ਹਿਰ) ਹੁੰਦੀ ਹੈ,

ਵਿਟਾਮਿਨ ਏ ਸਿਹਤ ਲਈ ਕਾਫ਼ੀ ਜ਼ਰੂਰੀ ਹੁੰਦਾ ਹੈ। ਮਾਸ ਵਿਚ ਜੋ ਇਹ ਹੁੰਦਾ ਵੀ ਹੈ ਤਾਂ ਉਹ ਭੁਖ ਘਟਾ ਕੇ ਭੋਜਨ ਦਾ ਸੁਆਦ ਵੀ ਗੁਆ ਦਿੰਦਾ ਹੈ। ਇਸ ਦੇ ਮੁਕਾਬਲੇ ਤੇ ਸਬਜ਼ੀਆਂ ਵਿਚਲਾ ਕੈਰੋਟੀਨ ਪੌਸ਼ਟਿਕ ਵੀ ਹੁੰਦਾ ਹੈ, ਭੁਖ ਵੀ ਲਾਉਂਦਾ ਹੈ ਤੇ ਸੁਆਦੀ ਵੀ ਬਹੁਤਾ ਹੁੰਦਾ ਹੈ।

ਯੂਰੀਆ ਤੇ ਯੂਰਿਕ ਐਸਿਡ ਜਹੇ ਜ਼ਹਿਰੀਲੇ ਪਦਾਰਥ ਮਾਸ ਵਿਚ ਬਹੁਤੇ ਹੁੰਦੇ ਹਨ। ਸਰੀਰ ਵਿਚੋਂ ਇਨ੍ਹਾਂ ਤੇ ਹੋਰਨਾਂ ਜ਼ਹਿਰੀਲੇ ਪਦਾਰਥਾਂ ਨੂੰ ਕਢਣ ਲਈ ਜਿਗਰ ਤੇ ਗੁਰਦੇ ਨੂੰ ਬਹੁਤੀ ਮਿਹਨਤ ਦੀ ਲੋੜ ਹੁੰਦੀ ਹੈ। ਜੋੜਾਂ ਤੇ ਕੋਮਲ ਤੰਤੂਆਂ ਵਿਚ ਇਨ੍ਹਾਂ ਦੇ ਜਮ੍ਹਾਂ ਹੋਣ ਨਾਲ ਹੀ ਗਠੀਆ ਹੁੰਦਾ ਹੈ।

ਡਾ: ਲਿਉਨਾਰਡ ਵਿਲੀਅਜ਼ ਅਨੁਸਾਰ ਮਾਸ ਦੀ ਵਰਤੋਂ ਸ਼ਕਰਖੋਰੇ ਦੀ ਵਿਗੜੈਲੀ ਸਥਿਤੀ ਨੂੰ ਵਧਾਉਂਦੀ ਹੈ।

ਮਾਸ ਦੀ ਵਰਤੋਂ ਨਾਲ ਉਤੇਜਨਾ ਬਹੁਤ ਆਉਂਦੀ ਹੈ। ਇਸ ਵਿਚਲੇ ਕਿਟਾਣੂ ਖਈ ਰੋਗ ਵਰਗੀਆਂ ਮਾਰੂ ਬੀਮਾਰੀਆਂ ਦੇ ਕਾਰਨ ਵੀ ਬਣਦੇ ਹਨ। ਨਾਈਟਰੋਜਨ ਬਹੁਤੀ ਹੋਣ ਕਾਰਨ ਇਸ ਦੀ ਵਰਤੋਂ ਸਰੀਰ ਨੂੰ ਛੇਤੀ ਮੋਟਾ ਕਰ ਦਿੰਦੀ ਹੈ ਤੇ ਸਰੀਰ ਤੇ ਮਾਤਾ ਵਰਗੇ ਚਿਟੇ ਦਾਣੇ ਨਿਕਲ ਆਉਂਦੇ ਹਨ ਜਿਨ੍ਹਾਂ ਰਾਹੀਂ ਇਹ ਜ਼ਹਿਰੀਲਾ ਅੰਸ਼ ਸਰੀਰੋਂ ਬਾਹਰ ਨਿਕਲਦਾ ਹੈ।

ਮੋਹਰਕਾ ਤਾਪ, ਜੋ ਸੂਰਾਂ ਨੂੰ ਆਮ ਕਰਕੇ ਹੁੰਦਾ ਹੈ,

ਮਾਸ ਖਾਣ ਵਾਲਿਆਂ ਵਿਚ ਵੀ ਬਹੁਤਾ ਹੁੰਦਾ ਹੈ । ਪਸਲੀਆਂ ਤੇ ਫੇਫੜਿ ਆਂ ਦੇ ਰੋਗ ਵੀ ਬਹੁਤੇ ਇਸੇਦੀ ਵਰਤੋਂ ਨਾਲ ਹੀ ਲਗਦੇ ਹਨ। ਕੈਂਸਰ ਇਸ ਦੀ ਮੁਖ ਦੇਣ ਹੈ।

ਮਾਂਸਾਹਾਰ ਰਕਤ ਦੋਸ਼ ਪੈਦਾ ਕਰਦਾ ਹੈ ਤੇ ਰਕਤ ਦੋਸ਼ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਬੀਮਾਰੀਆਂ ਦਾ ਕਾਰਨ ਬਣਦਾ ਹੈ। ਉਪਆਂਦਰਾਂ ਦੀ ਸੋਜ਼ ਦਾ ਰੋਗ ਵੀ ਮਾਂਸਾਹਾਰੀਆਂ ਵਿਚ ਬਹੁਤਾ ਹੁੰਦਾ ਹੈ। ਜੋੜਾਂ ਦਾ ਦਰਦ, ਸਿਰ ਦਰਦ, ਦਿਲ ਦੀ ਕਮਜ਼ੋਰੀ, ਆਮ ਕਮਜ਼ੋਰੀ, ਕਮਲ (ਸ਼ਦਾਅ), ਸੁਸਤੀ, ਅਧਰੰਗ ਤੇ ਆਂਦਰਾਂ ਦੀ ਸੋਜ਼ ਜਹ ਰੋਗਾਂ ਦੇ ਅਡੇ ਵੀ ਆਮ ਕਰਕੇ ਮਾਸ ਖਾਣ ਵਾਲਿਆਂ ਦੇ ਸ਼ਰੀਰ ਵਿਚ ਹੀ ਲਗਦੇ ਹਨ।

## ਸ਼ਾਕਾਹਾਰ–ਰੋਗਾਂ ਤੋਂ ਮੁਕਤੀ

ਬਹੁਤੇ ਰੋਗ ਇਸ ਤਰ੍ਹਾਂ ਦੇ ਹਨ ਕਿ ਜੇ ਮਾਂਸਾਹਾਰ ਤੋਂ ਪ੍ਰਹੇਜ਼ ਕੀਤਾ ਜਾਵੇ ਤਦ ਉਨ੍ਹਾਂ ਰੋਗਾਂ ਤੋਂ ਵੀ ਮੁਕਤੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਕਈ ਵਾਰ ਸ਼ਾਕਾਹਾਰ ਅਪਨਾਉਣ ਨਾਲ ਉਹ ਰੋਗ ਵੀ ਸ਼ਾਂਤ ਹੋ ਗਏ ਜਿਨ੍ਹਾਂ ਦੇ ਇਲਾਜ ਹਰ ਤਰ੍ਹਾਂ ਨਾਲ ਕਰਕੇ ਦੇਖ ਚੁਕਣ ਪਿਛੋਂ ਰੋਗ ਗ੍ਰਸਤ ਲੋਕੀ ਨਿਰਾਸ ਹੋ ਚੁਕੇ ਸਨ। ਜਦੋਂ ਪ੍ਰਸਿਧ ਭੋਜਨ ਵਿਗਿਆਨੀ ਚਿਲਟੇਨਡੇਨ ਨੌਂ ਮਹੀਨੇ ਸਿਰਫ਼ ਨਾਮ ਮਾਤਰ ਪ੍ਰੋਟੀਨ ਤੇ ਨਿਘਮਾਵਿਆਂ ਦੇ ਆਸਰੇ ਰਿਹਾ ਤਾਂ ਅਚਨਚੇਤ ਹੀ ਉਸ ਦੇ ਗੋਡਿਆਂ ਵਿਚੋਂ ਬਾਏ ਨਾਲ ਹੋਣ ਵਾਲਾ ਪੁਰਾਣਾ ਦਰਦ ਖਤਮ ਹੋ ਗਿਆ ਤੇ ਜਦੋਂ ਸਰ ਆਬੁਥਨਟ ਲੇਨ ਨੇ ਇਕ ਰੋਗੀ ਦੀ, ਜੋ ਬਾਏ ਰੋਗ ਦਾ ਪੁਰਾਣਾ ਰੋਗੀ ਸੀ, ਇਕ ਰੋਗੀ ਪਰ ਵਡੀ ਆਂਦਰ ਕਢ ਦਿਤੀ ਤਾਂ ਉਹ ਬਿਲਕੁਲਲੀ ਕ ਹੋ ਗਿਆ।

ਵਿਟਾਮਿਨ ਬੀ ਦੇ ਘਾਟੇ ਨਾਲ ਹੋਣ ਵਾਲੇ 'ਬੇਰੀ ਬੇਰੀ'

Sri Satguru Jagjit Singh Ji Elibrary NamdhariElibrary@gmail.com

ਰੋਗ ਦਾ ਇਲਾਜ ਸਿਰਫ਼ ਉਨ੍ਹਾਂ ਭੋਜਨਾਂ ਨਾਲ ਕੀਤਾ ਗਿਆ ਜਿਨ੍ਹਾਂ ਵਿਚ ਇਹ ਵਿਟਾਮਿਨ ਹੁੰਦਾ ਹੈ । ਇਹ ਰੋਗ ੧੮੯੭ ਵਿਚ ਬਾਵੇਰੀਆ ਵਿਚ ਆਈਕਮੈਨ ਨੇ ਲਭਿਆ ਸੀ । ਮਾਸਖੋਰੇ ਦਾ ਇਲਾਜ ਸਫ਼ਲਤਾ ਸਹਿਤ ਵਿਟਾਮਿਨ ਸੀ ਦੇਣ ਨਾਲ ਕੀਤਾ ਗਿਆ ਜੋ ਆਮ ਕਰ ਕੇ ਕਚੇ ਫਲਾਂ ਤੇ ਸਬਜ਼ੀਆਂ ਵਿਚ ਹੁੰਦਾ ਹੈ । ਭਾਵੇਂ ਮਾਸ ਖੋਰੇ ਦਾ ਰੋਗ ਕਿਸ਼ਤੀਆਂ ਵਾਲਿਆਂ ਵਿਚ ਆਮ ਹੁੰਦਾ ਹੈ ਪਰ ਬਰਤਾਨੀਆਂ ਵਿਚ ਇਹ ਉਥੇ ਵੀ ਆਮ ਦੇਖਿਆ ਗਿਆ ਹੈ ਜਿਥੇ ਲੋਕ ਕਚੇ ਭੋਜਨ (ਫਲ, ਸਬਜ਼ੀਆਂ) ਘਟ ਜਾਂ ਬਿਲਕੁਲ ਨਾ ਹੋਣ ਦੇ ਬਰਾਬਰ ਵਰਤਦੇ ਹਨ । ਬਾਂਦਰਾਂ ਨੂੰ ਕਚੇ ਦੀ ਥਾਂ ਪਕਾਇਆ ਭੋਜਨ ਦੇਣ ਪਿਛੋਂ ਪ੍ਰਸਿਧ ਭੋਜਨ ਵਿਗਿਆਨੀ ਐਮ. ਸੀ. ਕੈਰੀਸਨ ਨੇ ਵੀ ਇਹੋ ਸਿਟਾ ਕਢਿਆ ਸੀ ।

ਖੂਨੀ ਦਬਾਉ ਦਾ ਰੋਗ, ਜੋ ਪਛਮ ਵਿਚ ਅਜ ਕਲ੍ਹ ਕਾਫ਼ੀ ਮਾਰੂ ਸਾਬਤ ਹੋ ਰਿਹਾ ਹੈ, ਸਿਰਫ਼ ਸੰਤੁਲਤ ਸ਼ਾਕਾਹਾਰੀ ਭੋਜਨ ਨਾਲ ਪੂਰੀ ਤਰ੍ਹਾਂ ਠੀਕ ਕੀਤਾ ਜਾ ਚੁਕਾ ਹੈ । ਡਾ: ਹੈੱਗ, ਇਕ ਅੰਗਰੇਜ਼ ਹਕੀਮ, ਦਾ ਸ਼ਾਕਾਹਾਰੀ ਬਣਨ ਪਿਛੋਂ ਚਿਰਾਂ ਦਾ ਦਰਦ ਸਕੀਕਾ (ਅਧੇ ਸਿਰ ਦਾ ਦਰਦ) ਹਟ ਗਿਆ । ਰਕਤ ਦੋਸ਼ ਤੋਂ ਹੋਣ ਵਾਲਿਆਂ ਰੋਗਾਂ ਦੇ ਇਲਾਜ ਲਈ ਵੀ ਸ਼ਾਕਾਹਾਰ ਨੇ ਉਤਮ ਸਿਟੇ ਕਢੇ ਹਨ । ਸਗੋਂ ਬਹੁਤੇ ਬੁਢੇ ਸ਼ਾਕਾਹਾਰੀਆਂ ਦੀ ਚਮੜੀ ਉਤਮ ਹੀ ਦੇਖੀ ਜਾਂਦੀ ਹੈ ।

ਡਾਕਟਰ ਟਾਮਸਨ ਡਿਟਨ ਅਨੁਸਾਰ, "ਫਸਲਾਂ ਵਿਚ ੮੦ ਪ੍ਰਤੀਸ਼ਤ ਤਕ ਚੀਨੀ, ੧ ਤੋਂ ੪ ਪ੍ਰਤੀਸ਼ਤ ਤਕ ਨਮਕ ਹੁੰਦਾ ਹੈ । ਇਨ੍ਹਾਂ ਦਾ ਪਾਣੀ ਬਹੁਤ ਉਤਮ ਤੇ ਲਹੂ ਸੋਧਕ ਹੁੰਦਾ ਹੈ ।"

Sri Satguru Jagjit Singh Ji Elibrary NamdhariElibrary@gmail.com

## ਆਰਥਕਤਾ ਤੇ ਸ਼ਾਕਾਹਾਰ

ਸਾਰੀ ਦੁਨੀਆਂ ਆਮ ਕਰਕੇ ਤੇ ਭਾਰਤ ਵਿਸ਼ੇਸ਼ ਕਰਕੇ ਅੰਨ ਸੰਕਟ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ । ਇਕ ਰਿਪੋਰਟ ਅਨੁਸਾਰ ਹਰ ਰੋਜ਼ ੧੧੦੦੦੦੦ ਵਿਅਕਤੀ ਭੁਖ ਰਾਣੀ ਦੀ ਗੋਦ ਵਿਚ ਸਦਾ ਲਈ ਜਾ ਸੌਂਦੇ ਹਨ । ਸਾਰੀ ਆਬਾਦੀ ਦਾ ੨/੩ ਉਂਜ ਹੀ ਭੁਖਾ ਰਹਿੰਦਾ ਹੈ। ਜੇ ਹਿਸਾਬ ਲਾਕੇ ਦੇਖਿਆ ਜਾਵੇ ਤਾਂ ਮਾਂਸਾਹਾਰ ਆਰਥਕ ਗਿਰਾਵਟ ਦਾ ਮੁਖ ਕਾਰਨ ਹੈ । ਪਰ ਫਿਰ ਵੀ ਨਵੀਂ ਸਭਿਤਾ ਦੇ ਨਾਂ ਤੇ ਪਛਮ ਦੇ ਬੇਸਮਝ ਵਰਗ ਦੇ ਪ੍ਰਭਾਵ ਥਲੇ ਬਹੁਤੇ ਲੋਕ ਮਾਂਸਾਹਾਰ ਨੂੰ ਪਹਿਲ ਦਿੰਦੇ ਹਨ। ਉਨਾਂ ਜ਼ੋਰ ਸਹੀ ਢੰਗ ਨਾਲ ਅੰਨ ਉਗਾਉਣ ਤੇ ਨਹੀਂ ਦਿਤਾ ਜਾਂਦਾ ਜਿੰਨਾਂ ਮੁਰਗੀਆਂ ਜਾਂ ਮਛੀਆਂ ਪਾਲਣ ਵਲ। ਮਾਂਸਾਹਾਰ ਵਿਭਚਾਰੀ ਵਿਚਾਰਾਂ ਨੂੰ ਉਤੇਜਿਤ ਕਰਦਾ ਹੈ। ਨਤੀਜੇ ਵਜੋਂ ਆਬਾਦੀ ਵਧਦੀ ਹੈ। ਵਧੀ ਹੋਈ ਜਨ-ਸੰਖਿਆ ਅੰਨ ਸੰਕਟ ਵਿਚ ਵਾਧਾ ਕਰਦੀ ਹੈ। ਫਿਰ ਆਬਾਦੀ ਦੇ ਲਿਹਾਜ਼ ਨਾਲ ਹੀ ਵਸੋਂ ਲਈ ਮਕਾਨਾਂ ਦੀ ਲੋੜ ਵੀ ਵਧਦੀ ਹੈ। ਇਉਂ ਉਪਜਾਊ ਜ਼ਮੀਨ ਘਟਦੀ ਹੈ । ਜਨ ਸੰਖਿਆ ਦਾ ਵਾਧਾ ਇਸ ਦਰ ਤੇ ਚਾਲੂ ਹੈ ਕਿ ਭਵਿਖ ਦੇ ਦਸ ਵਰ੍ਹਿਆਂ ਵਿਚ ੨੫ ਕਰੋੜ ਮਨੁਖੀ ਜੀਵ ਹੋਰ ਪੈਦਾ ਹੋ ਜਾਣਗੇ।

ਵਖਰੇ ਤੌਰ ਤੇ ਇਸ ਸਮੱਸਿਆ ਦੇ ਸੁਲਝਾਉ ਲਈ ਵੀ ਹਜ਼ਾਰਾਂ ਨਹੀਂ ਲਖਾਂ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ ਪਰ ਨਾ ਤਾਂ ਭੋਜਨ ਦੀ ਥੁੜ ਤੋਂ ਛੁਟਕਾਰਾ ਪਾਉਣ ਦਾ ਹੀ ਇਹ ਸਹੀ ਰਸਤਾ ਹੈ ਤੇ ਨਾ ਹੀ ਆਬਾਦੀ ਘਟਾਉਣ ਦਾ। ਪਰ ਜਦੋਂ ਆਮ ਲੋਕ ਸ਼ਾਕਾਹਾਰੀ ਹੁੰਦੇ ਸਨ ਉਦੋਂ ਨਾ ਤਾਂ ਇਹ ਭੁਖ ਮਰੀ ਦਾ ਡਰ ਹੁੰਦਾਸੀ ਤੇ ਨਾ ਰੋਗ ਦੇ ਹਮਲਿਆਂ ਦਾ।

ਇਉਂ ਡਾਕਟਰੀ ਖਰਚ ਬਚਾ ਕੇ ਉਹ ਲੋਕ ਸ਼ੁਧ ਭੋਜਨ ਹੀ ਛਕਦੇ ਸਨ ਜੋ ਸਿਹਤ ਨੂੰ ਉਂਜ ਵੀ ਨਰੋਈ ਤੇ ਕੰਮ ਕਰਨ ਯੋਗ ਬਣਾਈ ਰਖਦੇ ਸਨ।

ਆਰਥਕ ਮਾਹਿਰਾਂ ਦੀ ਰਾਇ ਅਨੁਸਾਰ ਪ੍ਰਤੀ ਜੀਅ ਦੇ ਹਿਸੇ ਇਕ ਏਕੜ ਉਪਜਾਊ ਭੂਮੀ ਆਉਂਦੀ ਹੈ। ਮਾਂਸਾਹਾਰ ਲਈ ੧.੬੩ ਏਕੜ ਭੂਮੀ ਪ੍ਰਤੀ ਜੀਅ ਨੂੰ ਚਾਹੀਦੀ ਹੈ ਜਦ ਕਿ ਸ਼ਾਕਾਹਾਰ ਲਈ 'ਸਿਰਫ਼ ੦.੭੫ ਏਕੜ। ਫਿਰ ਇਸ ਜ਼ਮੀਨ ਵਿਚੋਂ ਹੀ ਕੁਛ ਡੰਗਰਾਂ ਆਦਿ ਦੇ ਪ੍ਰਬੰਧ ਲਈ ਵੀ ਜ਼ਮੀਨ ਰਖੀ ਜਾ ਸਕਦੀ ਹੈ ਜਿਨ੍ਹਾਂ ਤੋਂ ਦੁਧ ਆਦਿ ਪ੍ਰਾਪਤ ਕਰਨਾ ਹੈ। ਇਸ ਤੋਂ ਬਿਨਾਂ ਮਾਸ ਪੈਦਾ ਕਰਨ ਵਾਲੇ ਜਾਨਵਰਾਂ ਲਈ ਮਨੁਖਾਂ ਨਾਲੋਂ ਵੀ ਬਹੁਤੀ ਧਰਤੀ ਦੀ ਲੋੜ ਪੈਂਦੀ ਹੈ। ਫਿਰ ਜੇ ਉਨ੍ਹਾਂ ਤੋਂ ਬਹੁਤ ਮਾਸ ਪ੍ਰਾਪਤ ਕਰਨਾ ਹੋਵੇ ਤਦ ਅੰਨ ਦਾਣੇ ਦੀ ਜ਼ਰੂਰਤ ਵੀ ਮਨੁਖ ਦੀ ਲੋੜ ਤੋਂ ਵਧੇਰੀ ਹੁੰਦੀ ਹੈ। ਇਉਂ ੧੦੦ ਪੌਂਡ ਖਾਧੀ ਹੋਈ ਖ਼ੁਰਾਕ ਵਿਚੋਂ ਪਸ਼ੂ ਜਾਂ ਜਾਨਵਰ ਮਾਸ ਰਾਹੀਂ ਮਨੁਖ ਦੇ ਪਲੇ ਸਿਰਫ਼ ੪ ਤੋਂ ੧੬ ਪੌਂਡ ਤਕ ਹੀ ਪਾਉਂਦੇ ਹਨ।

ਇਕ ਰੂਸੀ ਮਾਹਿਰ ਅਨੁਸਾਰ ੨੫00,000,000 ਲੋਕਾਂ ਜੋਗੀ ਪਰੋਟੀਨ ਪੈਦਾ ਕਰਨ ਲਈ ੬,000,000 ਟਨ ਉਪਜ ਦੀ ਲੋੜ ਹੈ ਤੇ ਜੇ ਇਹ ਪਰੋਟੀਨ ਜਾਨਵਰਾਂ ਜਾਂ ਪਸ਼ੂਆਂ ਤੋਂ ਹੀ ਲੈਣੀ ਹੋਵੇ ਤਦ ਪਹਿਲਾਂ ੧00,000,000 ਟਨ ਪਰੋਟੀਨ ਸਿਰਫ਼ ਪਸ਼ੂਆਂ ਲਈ ਹੀ ਚਾਹੀਦੀ ਹੈ।

ਬਹੁਤੀ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਜਿੰਨੀ ਧਰਤੀ ਵਿਚੋਂ ਤੇ ਜਿੰਨੇ ਸਮੇਂ ਵਿਚ ਇਕ ਟਨ ਮਾਸ ਪੈਦਾ ਹੋ ਸਕਦਾ ਹੈ ਉਸੇ ਧਰਤੀ ਵਿਚੋਂ ਤੇ ਉਸੇ ਸਮੇਂ ਵਿਚ ਹੀ ਦਸ ਤੋਂ ਲੈਕੇ ਸੌ ਟਨ ਤਕ ਸ਼ਾਕਾਹਾਰੀ ਭੋਜਨ ਪੈਦਾ ਹੋ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਲੰਡਨ ਦੇ ਯੂਨੀਵਰਸਿਟੀ ਕਾਲਜ ਦੇ ਪਰੋਫੈਸਰ ਫਰਾਂਸਿਸ ਵਿਲੀਅਮ ਨਿਊਮੈਨ ਅਨੁਸਾਰ, "ਜੇ ਸਾਰੇ ਆਦਮੀ ਮਾਂਸਾਹਾਰੀ ਹੋਣ ਤਦ ਚਾਰ, ਪੰਜ ਜਾਂ ਇਥੋਂ ਤਕ ਕਿ ਸੱਤ ਏਕੜ ਧਰਤੀ ਵੀ ਉਨੇ ਮਨੁਖਾਂ ਲਈ ਭੋਜਨ ਪੈਦਾ ਕਰਨ ਤੋਂ ਅਸਮਰਥ ਹੋਇਗੀ ਜਿੰਨਿਆਂ ਨੂੰ ਸ਼ਾਕਾਹਾਰ ਰਾਹੀਂ ਉਹ ਇਕ ਏਕੜ ਤੋਂ ਹੀ ਰਜਾ ਸਕਦੀ ਹੈ।"

ਆਰਥਕ ਮਾਹਿਰਾਂ ਅਨੁਸਾਰ ਬਰਤਾਨੀਆਂ ਵਿਚ ੮੦,੦੦੦,੦੦੦ ਲੋਕਾਂ ਨੂੰ ਕਿਸੇ ਬਦੇਸ਼ੀ ਮਦਦ ਤੋਂ ਬਿਨਾਂ ਹੀ ਭੋਜਨ ਦੇਣ ਜੋਗੀ ਧਰਤੀ ਹੈ। ਉਹ ਇਹ ਵਿਸ਼ਵਾਸ ਵੀ ਦੁਆਉਂਦੇ ਹਨ ਕਿ ਇਸੇ ਧਰਤੀ ਵਿਚੋਂ ਦੁਧ ਤੇ ਪਨੀਰ ਵੀ ਕਾਫੀ ਮਾਤਰਾ ਵਿਚ ਪੈਦਾ ਹੋ ਸਕੇਗਾ ਅਤੇ ਭਿੰਨ ਭਿੰਨ ਅਨਾਜ, ਦਾਲਾਂ, ਗਰੀ ਮੇਵੇ ਤੇ ਹੋਰ ਫਲ ਆਦਿ ਵੀ। ਇਉਂ ਸ਼ਾਕਾਹਾਰ ਥਾਂ ਦੀ ਥੁੜ ਦੀ ਸਮੱਸਿਆ ਦਾ ਹਲ ਕਰਕੇ ਵਧਦੀ ਆਬਾਦੀ ਦਾ ਵੀ ਯੋਗ ਇਲਾਜ ਹੋਇਗਾ, ਮਾਸ ਵਿਚਲੀਆਂ ਬੁਰਿਆਈਆਂ ਤੋਂ ਰਹਿਤ ਹੋਣ ਕਾਰਨ ਲੋਕਾਂ ਦੀਆਂ ਸਿਹਤਾਂ ਵੀ ਚੰਗੀਆਂ ਬਣਾਇਗਾ ਤੇ ਦੁਆਈਆਂ ਤੇ ਹੋਣ ਵਾਲੇ ਖਰਚ ਵੀ ਬਚਣਗੇ। ਫਲ ਸਰੂਪ ਧਨ ਦੀ ਬਰਬਾਦੀ ਘਟੇਗੀ ਤੇ ਖੁਸ਼ਹਾਲੀ ਵਧੇਗੀ।

ਨਾਮਧਾਰੀ ਪੰਥ ਵਿਚ ਹਰ ਸਿਖ ਨੂੰ ਪ੍ਰਸ਼ਾਦਾ ਛਕਣ ਪਿਛੋਂ ਥਾਲੀ ਧੋ ਕੇ ਪੀਣ ਦਾ ਹੁਕਮ ਹੈ। ਇਉਂ ਆਮ ਤੌਰ ਤੇ ਜੂਠਾ ਕਹਿਕੇ ਸੁਟਿਆ ਜਾਣ ਵਾਲਾ ਅੰਨ ਬਚਦਾ ਹੈ। ਜੇ ਇਕ ਸਰੀਰ ਇਸ ਤਰ੍ਹਾਂ ਇਕ ਵੇਲੇ ਦਸ ਗਰਾਮ ਭੋਜਨ ਦੀ ਬਚਤ ਵੀ ਕਰੇ ਤਾਂ ਆਰਥਕ ਮਾਹਿਰ ਦਸ ਸਕਦੇ ਹਨ ਕਿ ਇਕ ਪੰਥ ਕਿੰਨਾਂ ਅੰਨ ਬਚਾ ਕੇ ਚੰਗੀ ਆਰਥਕਤਾ ਵਿਚ ਸਹਾਈ ਹੋ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

## ਵਿਸ਼ਵ ਅਮਨ-ਸ਼ਾਕਾਹਾਰ ਦੀ ਦੇਣ

ਵਿਸ਼ਵ ਅਮਨ ਇਸ ਵੇਲੇ ਸਾਰੇ ਪਾਸਿਆਂ ਤੋਂ ਖਤਰੇ ਵਿਚ ਪਿਆ ਹੋਇਆ ਹੈ। ਇਸ ਦਾ ਕਾਰਨ ਉਹ ਮਨੁਖੀ ਦਿਮਾਗ਼ ਹੈ ਜਿਸ ਵਿਚ ਮੁਢੋਂ ਹੀ ਹਿੰਸਾ ਦਾ ਬੀਜ ਬੀਜਿਆ ਜਾਂਦਾ ਹੈ। ਵਿਕਸਤ ਹੋਕੇ ਇਹੋ ਦਿਮਾਗ਼ ਹੀ ਮਾਰੂ ਕਾਢਾਂ ਕਢਣ ਲੱਗ ਪੈਂਦਾ ਹੈ। ਜਿਵੇਂ ਟੌਡ ਫੇਰੀਅਰ ਨੇ ਆਪਣੀ ਪ੍ਰਸਿਧ ਪੁਸਤਕ 'ਜੀਵਾਂ ਵਲੋਂ' ਵਿਚ ਲਿਖਿਆ ਹੈ, "ਵਿਗਿਆਨ ਸਾਡਾ ਮਿਤਰ ਹੈ। ਉਹ ਵਿਗਿਆਨੀ ਜੋ ਸਾਡੇ ਲਈ ਸਾਫ਼ ਦਿਲ ਰਖਦੇ ਹਨ ਸਾਡੇ ਸਚੇ ਮਿਤਰ ਹਨ। ਪਰ ਵਿਗਿਆਨ ਦੇ ਮਿਤਰ ਹੋਣਾ ਉਨਾਂ ਚਿਰ ਕੋਈ ਅਰਥ ਨਹੀਂ ਰਖਦਾ ਜਿੰਨਾਂ ਚਿਰ ਅਸੀਂ ਇਸ ਤੋਂ ਕੋਈ ਲਾਭ ਨਹੀਂ ਲੈਂਦੇ। ਜਿੰਨਾਂ ਚਿਰ ਅਸੀਂ ਇਸ ਵਿਗਿਆਨ ਤੋਂ ਪ੍ਰਾਪਤ ਕੀਤੇ ਗਿਆਨ ਨੂੰ ਜੀਵਨ ਵਿਚ ਨਹੀਂ ਵਰਤਦੇ ਉਨਾਂ ਚਿਰ ਅਸੀਂ ਵਿਗਿਆਨ ਦੀ ਨਿਰਾਰਥਕ ਖੁਸ਼ਾਮਦ ਹੀ ਕਰਦੇ ਹਾਂ।" ਜੇ ਇਸੇ ਵਿਗਿਆਨ ਨੂੰ ਮਨੁਖ ਮਾਤਰ ਦੇ ਭਲੇ ਲਈ ਵਰਤਿਆ ਜਾਵੇ ਤਾਂ ਇਹ ਖੁਸ਼ਹਾਲੀ ਵੀ ਲਿਆ ਸਕਦਾ ਹੈ ਨਹੀਂ ਤਾਂ ਪ੍ਰਮਾਣੂ ਬੰਬ ਤਾਂ ਇਸ ਦੀ ਵੀਹਵੀਂ ਸਦੀ ਦੀ ਮੁਖ ਦੇਣ ਹੈ ਹੀ ਜਿਸਨੇ ਸਾਸਰੀ ਦੁਨੀਆਂ ਨੂੰ ਮੌਤ ਦੇ ਕੰਢੇ ਤੇ ਖੜ੍ਹੀ ਕਰ ਦਿਤਾ ਹੈ।

ਫ਼ਰੀਦ ਜੀ ਨੇ ਲਿਖਿਆ ਹੈ, "ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾਂ। ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।" ਤੇ ਸਾਰੇ ਹੀ ਇਸ ਗੱਲ ਨੂੰ ਮੰਨਦੇ ਹਨ ਕਿ ਰੱਬ ਸਭਨਾਂ ਦਿਲਾਂ ਵਿਚ ਵਸਦਾ ਹੈ। ਫਿਰ ਜੇ ਕਿਸੇ ਵੀ ਦਿਲ ਨੂੰ ਨਾ ਦੁਖਾਇਆ ਜਾਵੇ ਤਾਂ ਰੱਬੀ ਮਿਹਰ ਪ੍ਰਾਪਤ ਕਰਨੀ ਸੌਖੀ

ਹੀ ਹੋਇਗੀ। ਨਿਕੇ ਮੋਟੇ ਜੀਵਾਂ ਵਿਚ ਵੀ ਉਹੀ ਰੱਬ ਹੈ ਜੋ ਮਨੁਖ ਮਾਤਰ ਵਿਚ। ਇਸ ਲਈ 'ਸਰਬਤ ਦਾ ਭਲਾ' ਤਾਂ ਹੀ ਹੋਇਗਾ ਜੇ ਕੁਕੜ ਬਕਰਿਆਂ ਦਾ ਵੀ ਭਲਾ ਮੰਗਿਆ ਜਾਵੇ। ਅਸਲ ਵਿਚ ਜੋ ਆਦਮੀ ਨਿਕੇ ਜੀਵਾਂ ਤੇ ਹਿੰਸਾ ਕਰਦਾ ਹੈ ਉਹ ਹੌਲੀ ਹੌਲੀ ਹਿੰਸਾ ਦਾ ਖੇਤਰ ਵਡੇਰਾ ਕਰਨ ਦਾ ਹੌਸਲਾ ਕਰਦਾ ਰਹਿੰਦਾ ਹੈ। ਅੰਤ ਇਕ ਦਿਨ ਉਹ ਪਰਾਏ ਧਨ ਤੇ ਪਰਾਏ ਮੁਲਕ ਤੇ ਕਬਜ਼ਾ ਕਰਨ ਦੀ ਲਾਲਸਾ ਕਰਨ ਲਗ ਪੈਂਦਾ ਹੈ। ਇਸ ਮੰਤਵ ਪੂਰਤੀ ਲਈ ਉਹ ਜੰਗ ਦਾ ਆਸਰਾ ਲੈਂਦਾ ਹੈ ਜੋ ਅਮਨ ਭੰਗ ਕਰਕੇ ਆਮ ਤੇ ਨਿਹੱਥੇ ਲੋਕਾਂ ਨੂੰ ਵੀ ਤਬਾਹੀ ਦੀ ਭਠੀ ਵਿਚ ਝੌਕ ਦਿੰਦੀ ਹੈ। ਸਿਰਫ਼ ੧੯੪੫ ਵਿਚ ਜਦੋਂ ਨਾਗਾ ਸਾਕੀ ਤੇ ਹੀਰੋਸ਼ੀਮਾ ਵਿਚ ਪਹਿਲੇ ਪ੍ਰਮਾਣੂ ਬੰਬ ਦਾ ਪ੍ਰਯੋਗ ਕੀਤਾ ਗਿਆ ਸੀ ਤਾਂ ਅਣਗਿਣਤ ਲੋਕ ਮਰੇ ਸਨ। ਪਰ ਹੁਣ ਤਾਂ ਵਿਗਿਆਨ ਨੇ ਇੰਨਾਂ ਮਾਰੂ ਮਸਾਲਾ ਜਮ੍ਹਾਂ ਕਰ ਦਿਤਾ ਹੈ ਕਿ ੨੮ ਵਾਰ ਵਿਸ਼ਵ ਤਬਾਹੀ ਕੀਤੀ ਜਾ ਸਕਦੀ ਹੈ।

ਸ਼ਾਕਾਹਾਰ ਵਿਚ ਜੀਵ ਦਇਆ ਦੀ ਪ੍ਰਧਾਨਤਾ ਹੈ। ਸਭ ਜੀਵਾਂ ਨੂੰ ਇਕ ਸਮਾਨ ਦੇਖਣ ਵਾਲਾ ਕਿਵੇਂ ਕਿਸੇ ਦੇ ਵਿਨਾਸ਼ ਦੀ ਗੱਲ ਸੋਚ ਸਕਦਾ ਹੈ ? ਇਉਂ ਮਨੁਖੀ ਵਿਚਾਰ ਧਾਰਾ ਸ਼ੁਧ ਹੋਣ ਕਾਰਨ ਆਪਣੇ ਆਪ ਹੀ ਅਮਨ ਸਥਾਪਤ ਹੋ ਸਕੇਗਾ।

ਪਾਈਥ ਗੋਰਾਜ਼ ਨੇ ਵੀ ਇਹ ਦਸਿਆ ਸੀ ਕਿ 'ਮਾਸ ਤੋਂ ਪ੍ਰਹੇਜ਼ ਕਰਨਾ ਅਮਨ ਸਥਾਪਤੀ ਵਲ ਨੂੰ ਇਕ ਕਦਮ ਹੈ ਕਿਉਂਕਿ ਜੋ ਜਾਨਵਰਾਂ ਦੇ ਕਤਲ ਨੂੰ ਅਨਿਆਂ ਤੇ ਗੈਰ-ਕੁਦਰਤੀ ਸੋਚ ਕੇ ਇਸ ਤੋਂ ਘਿਰਣਾ ਕਰਦਾ ਹੈ ਉਹ ਮਨੁਖੀ ਸੰਘਾਰ ਨੂੰ ਇਸ ਤੋਂ ਵੀ ਵਧੇਰੇ ਅਨਿਆਂ ਪੂਰਤ ਤੇ ਗੈਰ-ਕੁਦਰਤੀ ਸੋਚਦਾ

Sri Satguru Jagjit Singh Ji Elibrary NamdhariElibrary@gmail.com

ਹੈ ।' "ਕੋਈ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਜੰਗ ਵਿਚ ਤੇ ਇਥੋਂ ਤਕ ਕਿ ਆਹਮੋ ਸਾਹਮਣੇ ਲੜਦੇ ਜੋਧਿਆਂ ਵਿਚਕਾਰ, ਮਨੁਖ ਮਾਤਰ ਦੀ ਬੇ-ਅਰਥ ਤਬਾਹੀ ਤੇ ਪਾਬੰਦੀ ਹੁੰਦੀ ਸੀ ।" ਜਿਵੇਂ ਡਾ: ਰਾਜਿੰਦਰ ਪ੍ਰਸ਼ਾਦ ਜੀ ਨੇ ਲਿਖਿਆ ਸੀ, "ਪਰ ਅਜ ਉਹ ਵਿਚਾਰ ਪੁਰਾਣਾ ਹੋ ਗਿਆ ਹੈ। ਵਡੀਤਬਾਹੀ ਦੇ ਜੋ ਹਥਿਆਰ ਅਜਮਨੁਖ ਮਾਤਰ ਦੀ ਸੇਵਾ ਵਿਚ ਹਾਜ਼ਰ ਹਨ ਉਨ੍ਹਾਂ ਕਾਰਨ ਮਨੁਖ ਆਪ ਹਰ ਵੇਲੇ ਤਬਾਹੀ ਦੇ ਖਤਰੇ ਵਿਚ ਹੈ । ਸ਼ਾਕਾਹਾਰ ਪ੍ਰਮਾਣੂ ਜਾਂ ਹਾਈਡਰੋਜਨ ਬੰਬ ਤੋਂ ਬਿਲਕੁਲ ਵਖਰੀ ਚੀਜ਼ ਹੈ । ਪਰ ਜੇ ਤੁਸੀਂ ਇਸ ਨੂੰ ਵਿਚਾਰ ਅਧੀਨ ਲਿਆਉਂਦੇ ਹੋ, ਜੇ ਤੁਸੀਂ ਹਾਈਡਰੋਜਨ ਬੰਬ ਤੋਂ ਬਚਣਾ ਚਾਹੁੰਦੇ ਹੋ ਤਾਂ ਸ਼ਾਕਾਹਾਰ ਤੋਂ ਦੂਰ ਨਹੀਂ ਹਟ ਸਕਦੇ । ਸਮੁਚੇ ਜੀਵਨ ਦਾ ਸੰਪੂਰਨ ਦ੍ਰਿਸ਼ ਸਾਨੂੰ ਮਨੁਖੀ ਭੋਜਨ ਤੇ ਉਸ ਮਨੁਖ ਦੇ ਦੂਜਿਆਂ ਨਾਲ ਵਿਵਹਾਰ ਦਾ ਪ੍ਰਸਪਰ ਸਬੰਧ ਪ੍ਰਗਟ ਕਰਕੇ ਦਸੇਗਾ ਤੇ ਦਲੀਲ ਬਾਜ਼ੀ ਰਾਹੀਂ, ਜੋ ਕੋਈ ਅਣੋਖੀ ਨਹੀਂ, ਅਸੀਂ ਇਸੇ ਹੀ ਸਿਟੇ ਤੇ ਪੁਜਦੇ ਹਾਂ ਕਿ ਹਾਈਡਰੋਜਨ ਬੰਬ ਤੋਂ ਬਚਣ ਦਾ ਇਕੋ ਢੰਗ ਹੈ ਉਸ ਮਾਨਸਿਕ ਸੁਭਾਉ ਤੋਂ ਬਚਣਾ ਜਿਸ ਨੇ ਇਸ ਬੰਬ ਨੂੰ ਰਚਿਆ ਤੇ ਉਸ ਮਾਨਸਿਕ ਸੁਭਾਉ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ ਸਭ ਜੀਵਾਂ ਦਾ, ਸਭ ਰੂਪਾਂ ਵਿਚ ਤੇ ਹਰ ਸਥਿਤੀ ਵਿਚ ਸਤਿਕਾਰ ਕਰਨਾ । ਇਹ ਸ਼ਾਕਾਹਾਰ ਦਾ ਦੂਜਾ ਨਾਂ ਹੈ ।"

ਇਸ ਤਰ੍ਹਾਂ ਅਸੀਂ ਮਾਰੂ ਸਭਿਤਾ ਤੋਂ ਛੁਟਕਾਰਾ ਪਾ ਕੇ ਅਮਨ ਵਿਚ ਸੁਖ ਦਾ ਸਾਹ ਲੈ ਸਕਾਂਗੇ । ਜਿਵੇਂ ਡਾ: ਐਨਾ ਕਿੰਗਜ਼ਫੋਰਡ ਲਿਖਦੇ ਹਨ—"ਸ਼ਾਕਾਹਾਰ ਦੀ ਸਮੱਸਿਆ ਨੂੰ ਮੈਂ ਇਸ ਜੁਗ ਦੀ ਅਤੀ ਮਹਤਵ

ਪੂਰਨ ਸਮੱਸਿਆ ਸਮਝਦਾ ਹਾਂ । ਮੈਂ ਇਹ ਵਿਸ਼ਵਾਸ ਇਸ ਲਈ ਕਰਦਾ ਹਾਂ ਕਿ ਇਸ ਦੇ ਆਰੰਭ ਨਾਲ ਹੀ ਸੱਚੀ ਸਭਿਤਾ ਦਾ ਵਿਕਾਸ ਹੋਇਗਾ ।" ਤੇ ਫਿਰ ਡਾ: ਲਿਉਨਾਰਡੋ ਵਿਨਸੀ ਅਨੁਸਾਰ, "ਸਮਾਂ ਆਇਗਾ ਜਦੋਂ ਆਦਮੀ ਪਸ਼ੂਆਂ ਦੇ ਕਾਤਲਾਂ ਨੂੰ ਵੀ ਉਸੇ ਨਿਗ੍ਹਾ ਨਾਲ ਵੇਖੇਗਾ ਜਿਸ ਨਾਲ ਹੁਣ ਮਨੁਖੀ ਕਾਤਲਾਂ ਨੂੰ ਵੇਖਦਾ ਹੈ ।" ਕੀ ਉਦੋਂ ਵਿਸ਼ਵ ਵਿਚ ਅਮਨ ਨਹੀਂ ਹੋਇਗਾ ?

Sri Satguru Jagjit Singh Ji Elibrary NamdhariElibrary@gmail.com

# ਮਾਸ ਮਨੁਖ ਦਾ ਖਾਜ ਨਹੀਂ

ਮਾਸਟਰ ਨਿਹਾਲ ਸਿੰਘ ਜੀ, ਸੂੰ (ਜੀਵਨ ਨਗਰ)

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ–ਜਿਹੜੇ ਧਰਮ ਦੇ ਅਨੁਯਾਈਆਂ ਦਾ ਉਠਦਿਆਂ, ਬਹਿੰਦਿਆਂ, ਦਿਨੇ ਰਾਤ ਹਰ ਕਾਰਜ ਦੇ ਅਰੰਭ ਤੇ ਸਮਾਪਤੀ ਸਮੇਂ ਦਾ ਇਹ ਨਾਅਰਾ ਹੋਵੇ, ਕੀ ਉਨ੍ਹਾਂ ਪਾਸੋਂ ਕੀੜੀ ਤੋਂ ਲੈਕੇ ਹਾਥੀ ਤਕ ਕਿਸੇ ਜੀਵ ਦੀ ਹਿੰਸਾ ਕਰਨੀ ਤਾਂ ਇਕ ਪਾਸੇ ਰਹੀ ਉਸ ਦੇ ਬੁਰਾ ਚਿਤਵਣ ਦੀ ਵੀ ਸੰਭਾਵਨਾਂ ਕੀਤੀ ਜਾ ਸਕਦੀ ਹੈ ?

"ਧੌਲੁ ਧਰਮੁ ਦਇਆ ਕਾ ਪੂਤੁ ॥"
"ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥"
"ਦਇਆ ਜਾਣੈ ਜੀਅ ਕੀ
ਕਿਛੁ ਪੁੰਨੁ ਦਾਨੁ ਕਰੇਇ ॥"

ਜਹੇ ਅਨੇਕ ਪਵਿਤਰ ਤੇ ਮਹਾਂ ਵਾਕਾਂ ਨਾਲ ਭਰਪੂਰ ਬਾਣੀ ਦਾ ਜਿਨ੍ਹਾਂ ਕੋਲ ਚਾਨਣ ਮੁਨਾਰਾ ਹੋਵੇ, ਉਸ ਬਾਣੀ ਦੇ ਪਾਠਕਾਂ ਤੋਂ "ਕੁਦਇਆ" ਅਥਵਾ "ਦਇਆ ਹੀਨ" ਕਾਰਜ ਅਸੂਲਨ ਗਲਤ, ਗੁਮਰਾਹੀ ਤੇ ਅਗਿਆਨਤਾ ਤੇ ਨਿਰਭਰ ਹੋ ਸਕਦੇ ਹਨ ।

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਵਾਕਾਂ ਵਿਚ ਗੁਰੂ ਜੀ ਇਕ ਪ੍ਰਕਾਰ ਦੀ ਤਾੜਨਾ ਕਰਦੇ ਹੋਏ "ਮੁਰਦਾਰ" ਤੇ "ਹਕ ਪਰਾਏ" ਤੋਂ ਵਰਜਦੇ ਹਨ ਅਤੇ ਸਾਫ ਸ਼ਬਦਾਂ ਵਿਚ ਕਹਿੰਦੇ ਹਨ ਕਿ ਅਜੇਹੇ ਕੁਕਰਮੀਆਂ ਦੀ ਗੁਰੂ ਜਾਂ ਪੀਰ ਵੀ ਸਹਾਇਤਾ ਨਹੀਂ ਕਰਦੇ। 'ਹੱਕ' ਕਿਸੇ ਦਾ ਧਨ, ਮਾਲ ਅਤੇ ਪਦਵੀ ਤੇ ਨਾਜਾਇਜ਼ ਕਬਜ਼ਾ ਕਰਨ ਜਾਂ ਖੋਹਣ ਦੇ ਨਾਲ ਨਾਲ ਪਸ਼ੂਆਂ ਜਾਂ ਜਾਨਵਰਾਂ ਦਾ ਮਾਸ ਵੀ ਸ਼ਾਮਲ ਕੀਤਾ ਜਾ ਸਕਦਾ ਹੈ, ਕਿਉਂਕਿ ਇਹ ਵੀ ਕਾਦਰ ਦੀ ਕਾਇਨਾਤ ਵਿਚ ਹਰ ਜੀਵ-ਧਾਰੀ ਨੂੰ ਅਕਾਲ ਪੁਰਖ ਵਲੋਂ ਇਸ ਸੰਸਾਰ ਤੇ ਮੌਜਾਂ ਨਾਲ ਜੀਵਨ ਬਿਤਾਉਣ ਵਾਸਤੇ ਹਰ ਜੀਵ ਆਤਮਾ ਦੇ ਨਿਵਾਸ ਲਈ ਇਹ ਮਸਾਲਾ ਰਚਿਆ ਗਇਆ ਹੈ, ਜਿਸ ਨੂੰ ਕਿਸੇ ਦੂਜੇ ਦਾ ਵਰਤਣਾ ਉਸ ਦੇ ਹਕ ਤੇ ਛਾਪਾ ਮਾਰਨਾ ਹੈ। ਹਰ ਦੇਸ਼, ਹਰ ਕਾਲ ਦੇ ਮਹਾਂ ਪੁਰਸ਼ ਮਾਸ ਅਤੇ ਸਰੀਰ ਵਿਚ ਹੋਰ ਹਰ ਪ੍ਰਕਾਰ ਦੀ ਉਤੇਜਨਾ ਪੈਦਾ ਕਰਣ ਵਾਲੀਆਂ ਵਸਤਾਂ ਤੋਂ ਮਨ੍ਹਾ ਕਰਦੇ ਆਏ ਹਨ।

ਸਿਖ ਧਰਮ ਦੀ ਬਾਣੀ ਮਨੁਖ ਮਾਤਰ ਨੂੰ ਸੁਖ ਸ਼ਾਂਤੀ, ਨਿਆਏ ਅਤੇ ਧਰਮ ਸ਼ੀਲਤਾ ਵਾਸਤੇ ਪ੍ਰੇਰਨਾ ਦਿੰਦੀ ਹੈ। ਮਨ ਨੂੰ ਮੰਦੀਆਂ ਵਾਸ਼ਨਾਵਾਂ ਤੇ ਕਾਬੂ ਪਾਉਣ ਹਿਤ ਸਿਧੇ, ਸਰਲ ਤੇ ਸੁਖਾਵੇਂ ਢੰਗ ਦਸਦੀ ਹੈ। ਸੰਸਾਰ ਤੋਂ ਮਾੜ-ਧਾੜ, ਵਢ-ਟੁਕ, ਲੁਟ-ਘਸੁਟ ਰੋਕਣ ਹਿਤ, ਖਾਣ, ਪਾਣ, ਰਹਿਣ ਸਹਿਣ ਦਾ ਸੁਚੱਜਾ ਰਾਹ ਦਰਸਾਉਂਦੀ ਏ ਸੁਚੱਜੇ ਸੁਲਝਾਉ ਦਸਦੀ ਹੈ। ਮਾਸ ਮਦਰਾ ਤੇ ਨਸ਼ੇ ਵਾਲੀਆਂ ਵਸਤਾਂ, ਜਿਹੜੀਆਂ ਮਨੁਖ ਨੂੰ ਮਨੁਖਤਾ ਤੋਂ ਡੇਗਦੀਆਂ ਹਨ, ਉਨ੍ਹਾਂ ਤੋਂ ਰੋਕ ਕੇ ਮਨੁਖ ਨੂੰ ਉਚੇਰਾ ਹੋਣ ਦਾ ਰਾਹ ਦਰਸਾਉਂਦੀ ਹੈ। "ਵਰਤ" ਕੇਹੋ ਜੇਹੇ ਚਾਹੀਦੇ ਹਨ ? 'ਹਲਾਲ' ਕੀ ਹੈ ? ਬਾਣੀ ਆਪ ਹੀ ਨਿਰਨਾ ਕਰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਮਨਿ ਸੰਤੋਖ ਸਰਬ ਜੀਅ ਦਇਆ ॥
ਇਨ ਬਿਧਿ ਬਰਤ ਸੰਪੂਰਨ ਭਇਆ ॥

... ... ... ...

ਜੀਅ ਜੁ ਮਾਰਹਿ ਜੋਰੁ ਕਰਿ ਕਹਿਤੇ ਹਹਿ ਜੁ ਹਲਾਲੁ ॥
ਦਫਤਰ ਦਈ ਜਬ ਕਾਢਿ ਹੈ ਹੋਇਗਾ ਕਵਨ ਹਵਾਲੁ ॥

ਇਨ੍ਹਾਂ ਸ਼ਬਦਾਂ ਵਿਚ ਤਾਂ ਉਕਤੀਆਂ ਨਾਲ ਚੰਗੇ ਰਾਹ ਵਲ ਇਸ਼ਾਰਾ ਕੀਤਾ ਹੈ ਅਤੇ ਮੰਦੇ ਰਾਹ ਵਲੋਂ ਮਨ੍ਹਾ ਕੀਤਾ ਹੈ। ਮਗਰ ਕਬੀਰ ਜੀ ਨੇ ਸਿਧੇ ਤੌਰ ਤੇ ਮਾਸ ਖਾਣ ਤੋਂ ਮਨ੍ਹਾ ਕੀਤਾ ਹੈ:—

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕ ਖੁਦਾਇ ਕਹਤ ਹਹੁ
ਤਉ ਕਿਉ ਮੁਰਗੀ ਮਾਰੈ ॥

ਇਹ ਤਾਂ ਬਾਣੀ ਦੀਆਂ ਉਦਾਹਰਨਾਂ ਹਨ, ਪਰ ਬਾਬਾ ਕਬੀਰ ਜੀ ਜਿਨ੍ਹਾਂ ਬਾਰੇ ਬਾਣੀ ਨੇ ਫੈਸਲਾ ਕੀਤਾ ਹੈ ਕਿ ਕਬੀਰ ਤੇ ਰਬ ਆਸ਼ਕ ਸੀ:—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥

ਉਹ ਕਬੀਰ ਜੀ "ਹਲਾਲੀਆਂ" ਤੇ "ਝਟਕਈਆਂ" ਨੂੰ ਸਖਤ ਤਾੜਨਾਂ ਕਰਦੇ ਹਨ—

ਉਨ ਝਟਕਾ ਉਨ ਬਿਸਮਲ ਕੀਆ
ਦਇਆ ਦੋਹਾਂ ਤੇ ਭਾਗੀ ॥
ਕਹਤ ਕਬੀਰ ਸੁਨਹੋ ਭਾਈ ਸਾਧੋ
ਅਗ ਦੋਹਾਂ ਘਰ ਲਾਗੀ ॥

ਇਨ੍ਹਾਂ ਸ਼ਬਦਾਂ ਤੋਂ 'ਹਲਾਲੀ' ਤੇ 'ਝਟਕਈ' ਵੀਰ ਅੰਦਾਜ਼ਾ ਲਾ ਲੈਣ ਕਿ ਰੱਬ ਦਾ ਮਾਸ਼ੂਕ ਉਨ੍ਹਾਂ ਨੂੰ ਕੀ ਫਤਵਾ ਦੇਂਦਾ ਹੈ।

ਸੌ ਸਿਆਣੇ ਇਕੋ ਮਤ। ਵਡੇ ਵਡੇ ਮੱਤਾਂ ਦੇ ਬਾਨੀ ਮਾਸ,

Sri Satguru Jagjit Singh Ji Elibrary NamdhariElibrary@gmail.com

ਜਿਹੜਾ ਅਤੀ ਵਾਸ਼ਨਾਵਾ-ਭੜਕਾਊ ਹੈ, ਕੇਵਲ ਕਥਨ ਨਾਲ ਹੀ ਨਹੀਂ ਰੋਕਦੇ ਰਹੇ, ਸਗੋਂ ਪੂਰਨਾਂ ਪਾਕੇ ਉਸ ਤੇ ਚਲਣ ਵਾਸਤੇ ਜ਼ੋਰ ਦੇਂਦੇ ਰਹੇ ਹਨ। ਬਾਣੀ ਨੇ ਬੜੇ ਥੋੜੇ ਸ਼ਬਦਾਂ ਵਿਚ, ਮਨੁਖ ਮਾਤਰ ਦੀ ਕਲਿਆਣ, ਸੁਖ ਸ਼ਾਂਤੀ ਦਾ ਪੈਗ਼ਾਮ ਦੇਂਦਿਆਂ ਉਚੇ ਧਰਮ ਦੀ ਕਸਵੱਟੀ ਦਸੀ ਹੈ—

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਨਿਰਮਲ ਕਰਮਾਂ ਵਿਚ ਕਿਸੇ ਨੂੰ ਦੁਖ ਨਾ ਦੇਣਾ, ਕਿਸੇ ਗਰੀਬ ਨੂੰ ਨਾ ਸਤਾਉਣਾ, ਕਿਸੇ ਦਾ ਹੱਕ ਨਾ ਮਾਰਨਾ, ਕਿਸੇ ਜੀਵ ਜੰਤੂ ਨੂੰ ਨਾ ਮਾਰਨਾ ਸਭ ਸ਼ਾਮਲ ਹਨ। ਇਹ ਤਾਂ ਸਭ ਤੋਂ ਅਜੋਕੇ ਧਰਮ ਦੀ ਗਲ ਦਸੀ ਹੈ, ਪਰ ਹਜ਼ਰਤ ਮੁਹੰਮਦ ਬਾਰੇ ਪ੍ਰਸਿਧ ਹੈ ਕਿ ਉਹ ਇਕ ਜੌਂ ਤੇ ਪਿਆਲੇ ਪਾਣੀ ਤੇ ਗੁਜ਼ਾਰਾ ਕਰਦੇ ਸਨ। ਹਜ਼ਰਤ ਈਸਾ ਨੇ ਆਪਣੇ ਸ਼ਿਸ਼ਾਂ ਨੂੰ ਉਪਦੇਸ਼ ਦਿਤਾ ਸੀ ਕਿ ਜੇ ਕੋਈ ਤੁਹਾਡੀ ਗੱਲ੍ਹ ਤੇ ਇਕ ਚਪੇੜ ਮਾਰੇ ਤਾਂ ਤੁਸੀਂ ਉਸ ਅਗੇ ਦੂਜੀ ਕਰ ਦਿਓ। ਜੇ ਕੋਈ ਤੁਹਾਡੀ ਕਮੀਜ਼ ਉਤਾਰੇ ਤਾਂ ਉਸ ਨੂੰ ਕੋਟ ਵੀ ਲਾਹ ਕੇ ਦੇ ਦਿਓ। ਜਿਹੜੇ ਮਹਾਂ ਪੁਰਸ਼ ਆਪ ਜੌਂ ਤੇ ਗੁਜ਼ਾਰਾ ਕਰਦੇ ਹੋਣ, ਜਾਂ ਚਪੇੜਾਂ ਮਾਰਨ ਵਾਲੇ ਦੀ ਮਨ ਦੀ ਅਵਸਥਾ ਨੂੰ ਬਦਲਣ ਹਿਤ ਦੂਸਰੀ ਗੱਲ੍ਹ ਨੂੰ ਪੇਸ਼ ਕਰਨ ਦੀ ਪ੍ਰੇਰਨਾਂ ਦੇਂਦੇ ਹੋਣ, ਉਹ ਮੁਰਗ਼ੀਆਂ, ਮਛੀਆਂ, ਬਕਰੀਆਂ ਭੇਡਾਂ ਦਾ ਮਾਸ ਖਾਣ ਲਈ ਕਿਵੇਂ ਕਹਿ ਸਕਦੇ ਹਨ। ਉਨ੍ਹਾਂ ਮਹਾਂ ਪੁਰਸ਼ਾਂ ਦੇ ਨਾਉਂ ਨਾਲ ਐਸੀਆਂ ਘਟਨਾਵਾਂ ਜੋੜ ਲੈਣੀਆਂ, ਇਹ ਸਭ ਚਸਕੇ ਬਾਜ਼ਾਂ ਤੇ ਜੀਭ ਦੇ ਰਸੀਆਂ ਦੀਆਂ ਕਲਪਤ ਕਹਾਣੀਆਂ ਹਨ।

ਅਜ ਕਲ ਇਸ ਸਾਇੰਸ ਦੇ ਯੁਗ ਵਿਚ ਇਨ੍ਹਾਂ ਗਰੀਬ ਬੇ-ਜ਼ਬਾਨਾਂ ਨੂੰ ਕੁਹਣ ਲਈ ਇਹ ਦਲੀਲਾਂ ਘੜੀਆਂ ਜਾ ਰਹੀਆ

ਹਨ, ਕਿ ਆਦਮ ਗਿਣਤੀ ਦਾ ਭੂਤ ਭੂਤਰ ਰਹਿਆ ਹੈ। ਖੁਰਾਕ ਘਟ ਹੈ, ਖੁਰਾਕ ਦੀ ਘਾਟ ਪੂਰੀ ਕਰਨ ਹਿਤ, ਇਹਨਾਂ ਜੀਵਾਂ ਨੂੰ ਵਰਤ ਲੈਣ ਵਿਚ ਕੋਈ ਹਰਜ਼ ਨਹੀਂ। ਮਗਰ ਸਾਨੂੰ ਇਸ ਦਲੀਲ ਵਿਚ ਕੁਝ ਵਜ਼ਨ ਨਹੀਂ ਜਾਪਦਾ। ਜਦ ਅਮਰੀਕਾ ਤੇ ਰੂਸ ਵਰਗੇ ਦੇਸ ਫਾਲਤੂ ਅੰਨ ਨੂੰ ਸਮੁੰਦਰ ਵਿਚ ਸੁਟਵਾ ਦੇਂਦੇ ਹਨ, ਜਾਂ ਅਗ ਨਾਲ ਸਾੜ ਦੇਂਦੇ ਹਨ। ਇਸ ਤੋਂ ਵੱਖ ਟਨਾਂ ਦੇ ਟਨ ਬੀਅਰ ਬਣਦੀ ਹੈ ਜਿਸ ਖਾਤਰ ਜੌਂਆਂ ਨੂੰ ਵਰਤਿਆ ਜਾਂਦਾ ਹੈ। ਸ੍ਰੀ ਪ੍ਰਿੰਸੀਪਲ ਛਬੀਲ ਦਾਸ ਜੀ ਲਾਹੌਰ ਨਿਵਾਸੀ ਨੇ ਇਹ ਵਰਨਨ ਕੀਤਾ ਸੀ, ਕਿ ਜੇ ਸੰਸਾਰ ਤੋਂ ਬੀਅਰ (ਸ਼ਰਾਬ) ਦੇ ਕਾਰਖਾਨੇ ਬੰਦ ਕਰ ਦਿਤੇ ਜਾਣ ਤਾਂ ਕਰੋੜਾਂ ਪੇਟਾਂ ਦੀ ਸਹਿਜੇ ਹੀ ਪੂਰਤੀ ਹੋ ਸਕਦੀ ਹੈ ਤੇ ਕਈ ਪਸ਼ੂ ਪੰਛੀਆਂ ਦੇ ਗਲੇ ਤੋਂ ਛੁਰੀ ਲਹਿ ਸਕਦੀ ਹੈ, ਜਿਸ ਨਾਲ ਉਨ੍ਹਾਂ ਦੀਆਂ ਆਤਮਾਵਾਂ ਮਨੁਖ ਭਲਾਈ ਵਾਸਤੇ ਅਰਦਾਸ ਕਰ, ਸੰਸਾਰੀਆਂ ਨੂੰ ਹਰ ਪਹਿਲੂ ਤੋਂ ਸੰਤੁਸ਼ਟ ਬਣਾਉਣ ਹਿਤ ਸਹਾਈ ਹੋ ਸਕਦੀਆਂ ਹਨ ਅਤੇ ਇਹ ਵਢੂੰ ਵਢੂੰ ਕਰ ਰਹਿਆ ਸੰਸਾਰ ਸਵਰਗ ਵਿਚ ਬਦਲ ਸਕਦਾ ਹੈ।" ਪਾਠਕ ਜਨ ਸੰਸਾਰ ਭਰ ਦੇ ਵਿਦਵਾਨਾਂ ਅਤੇ ਡਾਕਟਰਾਂ ਦੀਆਂ ਰਾਵਾਂ ਇਸ ਬਾਰੇ ਪੜ੍ਹਨ।

## ਹਾਲੈਂਡ ਦੀ ਸ੍ਰੀ ਮਤੀ ਸਟੀਫਨੀਜ ਸਾਈਪ ਕਿਨਜ਼ ਵੇਨ ਐਂਡਲ

(ਇਹ ਵਿਚਾਰ ਸ੍ਰੀ ਮਤੀ ਜੀ ਨੇ ਸੰਸਾਰ ਭਰ ਦੇ ਛੇਵੇਂ ਧਰਮ ਸਮੇਲਨ ਜਿਹੜਾ ਕਿ ੧੯੫੫ ਵਿਚ ਜਾਪਾਨ ਦੇ ਸ਼ੀਮੀ ਜ਼ੂ ਸ਼ਹਿਰ ਵਿਚ ਹੋਇਆ, ਵਿਚ ਪ੍ਰਗਟ ਕੀਤੇ ਸਨ।)

ਮੈਨੂੰ ਵਿਸ਼ਵਾਸ਼ ਹੈ ਕਿ ਹਰ ਅਵਤਾਰ ਸ਼ਾਕਾਹਾਰੀ ਸੀ, ਅਤੇ ਹਜ਼ਰਤ ਈਸਾ ਵੀ ਸ਼ਾਕਾਹਾਰੀ ਹੀ ਸਨ। ਮਗਰ ਮਾਂਸਾ ਹਾਰੀ

Sri Satguru Jagjit Singh Ji Elibrary NamdhariElibrary@gmail.com

ਲੋਕਾਂ ਨੇ, ਜਿਨ੍ਹਾਂ ਬਾਈਬਲ ਦੇ ਰੀਕਾਰਡਾਂ ਨੂੰ ਅਨੁਵਾਦ ਕੀਤਾ, ਭੋਜਨ (meal) ਨੂੰ ਮਾਸ (meat) ਵਿਚ ਬਦਲ ਦਿਤਾ । ਪੁਰਾਣੇ ਸਮਿਆਂ ਵਿਚ ਪਵਿਤਰ ਭੋਜਨ, ਰੋਟੀ, ਫਲਾਂ ਦਾ ਰਸ, ਜਾਂ ਦੁਧ ਅਤੇ ਸ਼ਹਿਦ ਆਦਿ ਸੀ । ਹਜ਼ਰਤ ਈਸਾ ਜੀ ਦੇ ਸਭ ਮਿਤਰ ਸ਼ਾਕਾਹਾਰੀ ਸਨ । ਤੁਸੀਂ ਇਸ ਦੇਵ-ਪ੍ਰਨਾਲੀ ਨੂੰ ਫਲਾਵਿਸ ਜੋਸਿਫਿਸ (੭੦ ਵਰ੍ਹੇ ਪੂਰਬ ਈਸਾ) ਨਾਮੀ ਪੁਸਤਕ ਵਿਚ ਪੜ੍ਹ ਸਕਦੇ ਹੋ। ਮੇਰਾ ਕਹਿਣ ਦਾ ਭਾਵ ਹੈ ਕਿ ਪਿਛੋਂ ਜੇਹੇ ਈਸਾਈਆਂ ਨੇ ਇਨ੍ਹਾਂ ਤਬਦੀਲੀਆਂ ਕਾਰਨ ਪਸ਼ੂ ਖਾਣੇ ਅਰੰਭ ਕਰ ਦਿਤੇ। ਜਿਸ ਦੇ ਕਾਰਨ ਬਜਾਏ ਰੋਸ਼ਨੀ ਦੇ ਅਨ੍ਹੇਰਾ ਪਸਰ ਗਇਆ ।

ਲਹੂ ਇਕ ਵਧੀਆ ਉਪਜ ਹੈ, ਇਸ ਵਾਸਤੇ ਇਸ ਨੂੰ ਨਾ ਵੀਟਿਆ ਜਾਵੇ ਅਤੇ ਨਾ ਹੀ ਖਾਧਾ ਜਾਵੇ।ਬਾਈਬਲ ਵਿਚ ਦਸਿਆ ਗਇਆ ਹੈ, ਕਿ ਅਕਾਲ ਪੁਰਖ ਵਲੋਂ ਆਕਾਸ਼ ਬਾਣੀ ਹੋਈ ਕਿ ਲਹੂ ਨਾ ਖਾਧਾ ਜਾਵੇ। ਇਥੋਂ ਤਕ ਕਿ ਪਸ਼ੂ ਜਿਹੜੇ ਮਾਸ ਖਾਂਦੇ ਹਨ, ਉਹ ਜੀਵਨ ਦੇ ਅੰਨ੍ਹੇਰੇ ਪਖ ਵਿਚ ਵਸਦੇ ਹਨ। ਜਦੋਂ ਸਾਡੇ ਵਿਚਾਰ ਚੰਗੇਰੇ ਹੋ ਗਏ ਤਾਂ ਸਾਡੀ ਧਰਤੀ ਤੇ ਸਵਰਗ ਉਤਰ ਆਏਗਾ। ਉਸ ਵੇਲੇ ਸ਼ੇਰ ਤੇ ਲੇਲਾ ਇਕ ਥਾਂ ਇਕੱਠੇ ਮਿਤਰਾਂ ਵਾਂਗੂੰ ਰਹਿਣਗੇ।

ਜੇ ਅਸੀਂ ਇਸ ਸਰੀਰ ਭਾਵ ਰੱਬੀ ਮੰਦਰ ਨੂੰ ਸਾਫ ਰਖਣਾ ਚਾਹੁੰਦੇ ਹਾਂ ਤਾਂ ਸਾਨੂੰ ਅਜੇਹਾ ਭੋਜਨ ਖਾਣਾ ਚਾਹੀਦਾ ਹੈ ਜਿਸ ਨਾਲ ਅਸੀਂ ਪ੍ਰਸੰਨ ਅਤੇ ਅਰੋਗ ਰਹੀਏ । ਸੰਸਾਰ ਨੂੰ ਅਵੱਸ਼ ਵੈਸ਼ਨੋਂ ਬਣਨਾ ਚਾਹੀਦਾ ਹੈ, ਕਿਉਂਕਿ ਮਨੁਖ ਜਾਂ ਪਸ਼ੂ ਦਾ ਸਰੀਰ ਪਵਿਤ੍ਰ ਹੈ।ਸਾਨੂੰ ਉਨ੍ਹਾਂ ਨੂੰ ਕਤਲ ਨਹੀਂ ਕਰਨਾ ਚਾਹੀਦਾ।ਲਹੂ ਇਕ ਪਵਿਤਰ ਵਸਤੂ ਹੈ। ਇਹ ਇਕ ਅਧਭੁਤ ਰਸ ਹੈ। ਕੀ ਇਹ ਰਬੀ ਰੂਹ ਦੇ ਸੰਗੀਤ ਲਈ ਵਧੀਆ ਸਾਜ਼ ਨਹੀਂ ? ਜਦੋਂ ਅਸੀਂ ਕਿਸੇ ਮਨੁਖੀ ਸਰੀਰ ਜਾਂ ਪਸ਼ੂ ਦੇ ਸਰੀਰ ਦੀ ਪ੍ਰਸੰਸਾ ਕਰਦੇ ਹਾਂ ਤਾਂ ਸਾਨੂੰ

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੂੰ ਮਾਰਨਾਂ ਵੀ ਨਹੀਂ ਚਾਹੀਦਾ। ਉਹ ਸਮਾਂ ਆਵੇਗਾ ਜਦ ਕਿ ਮਾਂਸਾ ਹਾਰੀ ਪਸ਼ੂ ਵੀ ਧਰਤੀ ਤੋਂ ਅਲੋਪ ਹੋ ਜਾਣਗੇ। ਜਦ ਮਨੁਖ ਦੀਆਂ ਭਾਵਨਾਂ ਉਚੀਆਂ ਹੋ ਜਾਣਗੀਆਂ ਤਾਂ ਸ਼ੈਤਾਨ ਇਥੇ ਟਿਕ ਨਹੀਂ ਸਕੇਗਾ।

## ਜਗਤ ਪ੍ਰਸਿੱਧ ਡਾਕਟਰਾਂ ਤੇ ਵਿਦਵਾਨਾਂ ਦੇ ਮਾਸ ਬਾਰੇ ਫੈਸਲੇ

(੧) ਪ੍ਰੋਫੈਸਰ ਚਿਟਨ ਡੇਨ ਪੀ, ਐਚ. ਡੀ., ਐਸ, ਸੀ. ਡੀ., ਐਲ. ਡੀ. ਆਫ਼ ਦੀ ਯੂਨਾਈਟਡ ਸਟੇਟਸ ਡੀਪਾਰਟਮੈਂਟ ਆਫ਼ ਐਗਰੀਕਲਚਰ ਆਪਣੇ ਤਜਰਬੇ ਦੇ ਆਧਾਰ ਤੇ ਲਿਖਦੇ ਹਨ—

'ਅਮਰੀਕਾ ਦੇ ਸਿਪਾਹੀ ਦੀ ਖੁਰਾਕ ਪਹਿਲੋਂ ੭੫ ਔਂਸ ਹੁੰਦੀ ਸੀ, ਜਿਸ ਵਿਚ ੨੨ ਔਂਸ ਮਾਸ ਸੀ। ਇਹ ਰਾਸ਼ਨ ੭੫ ਤੋਂ ਘਟਾ ਦੇ ੧੫ ਔਂਸ ਕੀਤਾ ਗਿਆ ਤੇ ਮਾਸ ੨੨ ਔਂਸ ਦੀ ਥਾਂ ਕੇਵਲ ੧੭ ਔਂਸ ਰਹਿਣ ਦਿਤਾ ਗਿਆ। ੬ ਮਹੀਨੇ ਦੇ ਤਜਰਬੇ ਤੋਂ ਇਹ ਸਿੱਧ ਹੋਇਆ ਕਿ ਉਹ ਪਹਿਲੋਂ ਨਾਲੋਂ ੫੦ ਫ਼ੀ ਸਦੀ ਵਧ ਤਕੜੇ ਹੋ ਗਏ। ਫੌਜੀ ਕੰਮ ਵੀ ਪਹਿਲੋਂ ਨਾਲੋਂ ਚੰਗਾ ਕਰਨ ਲਗ ਪਏ। ਉਤਸ਼ਾਹ ਵੀ ਸ਼ਾਨਦਾਰ ਸੀ। ਉਪਰੰਤ ਉਨ੍ਹਾਂ ਨੂੰ ਖੁਲ੍ਹ ਦਿਤੀ ਗਈ ਕਿ ਜਿਹੜੀ ਖੁਰਾਕ ਚਾਹੋ ਵਰਤ ਸਕਦੇ ਹੋ। ਨਤੀਜਾ ਇਹ ਹੋਇਆ ਕਿ ਕਿਸੇ ਨੇ ਵੀ ਮਾਸ ਵਾਲੀ ਖੁਰਾਕ ਨੂੰ ਪ੍ਰਵਾਨ ਨਾ ਕੀਤਾ।" (ਕੁਦਰਤੀ ਮਾਨਵੀ ਖੁਰਾਕ ਸਫ਼ਾ ੩੧)

(੨) ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਸੰ: ੧੯੧੮ ਈ: ਨੂੰ ਇਕ ਇੰਟਰ ਐਲਾਈਡ ਕਾਨਫਰੰਸ ਇਸ ਗੱਲ ਤੇ ਵਿਚਾਰ ਕਰਨ ਲਈ ਹੋਈ ਸੀ, ਕਿ ਕੌਮਾਂ ਦੀ ਖੁਰਾਕ ਦਾ ਹੱਲ ਕੀ ਹੈ।

Sri Satguru Jagjit Singh Ji Elibrary NamdhariElibrary@gmail.com

ਇਸ ਕਾਨਫਰੰਸ ਵਲੋਂ ਇਸ ਵਿਸ਼ੇ ਦੀ ਖੋਜ ਵਾਸਤੇ ਹੇਠ ਲਿਖੇ ਤਰਜੱਖਾਕਾਰ ਤੇ ਸੰਸਾਰ ਪ੍ਰਸਿੱਧ ਸਾਇੰਸਦਾਨਾਂ ਦਾ ਇਕ ਕਮਿਸ਼ਨ ਨੀਯਤ ਕੀਤਾ ਗਿਆ ਸੀ—

੧. ਪਰੋਫੈਸਰ ਗਲੇ (ਫਰਾਂਸ)
੨. ਪਰੋਫੈਸਰ ਲੈਂਗਲੋਇਸ (ਫਰਾਂਸ)
੩. ਬੋਲਾਜੀ (ਇਟਲੀ)
੪. ਪਸਲਿ ਆਨੀ (ਇਟਲੀ)
੫, ਹਿਊਲਿਟ (ਬਿਲਜੀਅਮ)
੬. ਰਿਚਰਡ (ਯੂਨਾਈਟਿਡ ਸਟੇਟਸ ਅਮਰੀਕਾ)
੭: ਲਸਕ (ਯੂ. ਸੀ. ਅਮਰੀਕਾ)
੮. ਈ. ਐਰ. ਸਟਾਰਲਿੰਗ (ਅਮਰੀਕਾ)
੯. ਟੀ. ਬੀ. ਵੁਡ (ਅਮਰੀਕਾ)

ਪੰਜਾਂ ਪ੍ਰਸਿੱਧ ਮੁਲਕਾਂ ਦੇ ਪੂਰਵੋਕਤ ੯ ਮਹਾਨ ਵਿਦਵਾਨਾਂ ਦੇ ਕਮਿਸ਼ਨ ਨੇ ੨੯ ਅਪਰੈਲ ੧੯੪੧ ਨੂੰ ਆਪਣੀ ਰੋਮ ਦੀ ਇਕੱਤ੍ਰਤਾ ਵਿਚ ਹੇਠ ਲਿਖੇ ਭਾਵ ਦਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ।—'ਬੜੀ ਖੋਜ ਤੇ ਵਿਚਾਰ ਤੋਂ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪੁੱਜਾ ਹੈ ਕਿ ਸਾਇੰਸਦਾਨਾਂ ਦੇ ਵਿਚਾਰ ਅਨੁਸਾਰ ਮਾਸ ਖਾਣਾਮਨੁੱਖ ਵਾਸਤੇ ਕਿਸੇ ਤਰ੍ਹਾਂ ਵੀ ਲਾਭਦਾਇਕ ਅਤੇ ਜ਼ਰੂਰੀ ਨਹੀਂ ਹੈ।

(੩) ਡਾਕਟਰ ਕਿੰਗਸਫੋਡ, ਡੇਵੀ, ਲਾਰੰਸ, ਅਤੇ ਸੀ. ਏ. ਓਵਨ ਆਦਿ ਸਾਇੰਸ ਜਾਨਣ ਵਾਲਿਆਂ ਦਾ ਮੱਤ ਇਹ ਹੈ ਕਿ ਮਨੁੱਖ ਦੇ ਭੀਤਰੀ ਅਤੇ ਬਾਹਰੀ ਅੰਗ ਇਸ ਗੱਲ ਦੀ ਸਾਖੀ ਦਿੰਦੇ ਹਨ ਕਿ ਮਨੁੱਖ ਦਾ ਸੁਭਾਵਕ ਭੋਜਨ (ਅੰਨ, ਕੰਦਮੂਲ, ਫੁੱਲ ਫਲ ਆਦਿ) ਬਨਸਪਤੀ ਹੈ ਅਤੇ ਮਾਂਸਾਹਾਰ ਮਨੁੱਖੀ ਪ੍ਰਕਿਰਤੀ ਦੇ ਸਰਵਥਾ ਵਿਰੁਧ ਹੈ।

(੪) ਇਸ ਵਿਸ਼ੇ ਵਿਚ ਭਗੰਦਰ ਰੋਗ ਦੇ ਵਿਸ਼ੇਸ਼ ਗਿਆਤਾ ਡਾਕਟਰ ਬੇਲ ਐਮ. ਡੀ- ਐਫ. ਆਰ. ਐਫ. ਪੀ. ਐਸ. ਆਦਿ ਨੇ ਆਪਣੀ ਪ੍ਰਸਿੱਧ ਪੁਸਤਕ (ਅਰਥਾਤ ਭਗੰਦਰ ਦਾ ਫੋੜਾ ਤੇ ਇਸ ਨੂੰ ਕਿਸ ਤਰ੍ਹਾਂ ਨਸ਼ਟ ਕੀਤਾ ਜਾਵੇ) ਵਿਚ ਲਿਖਿਆ ਹੈ ਕਿ- 'ਇਸ ਸੰਸਾਰ ਦੀ ਵਸੋਂ ਵਿਚ ਦੋ ਕਰੋੜ ੫੦ ਲੱਖ ਅਤੇ ਕੇਵਲ ਇੰਗਲੈਂਡ ਤੇ ਵੇਲਜ਼ ਵਿਚ ੩੦ ਹਜਾਰ ਮਨੁੱਖ ਹਰ ਵਰ੍ਹੇ ਇਸ ਦੁਸ਼ਟ ਰੋਗ ਨਾਲ ਮੌਤ ਦੀ ਸ਼ਰਨ ਲੈਂਦੇ ਹਨ ਅਤੇ ਇਸ ਰੋਗ ਦੇ ਹੋਣ ਦਾ ਕਾਰਨ ਮਾਂਸਾਹਾਰ ਨੂੰ ਦੱਸ ਕੇ ਮਾਸ ਦੇ ਤਿਆਗਣ ਦੀ ਸਿਫਾਰਸ਼ ਕਰਦੇ ਹਨ।

(੫) ਡਾਕਟਟ ਬੇਲ ਵਰਤਮਾਨ ਸਮੇਂ ਵਿਚ ਭਗੰਦਰ ਰੋਗ ਦੇ ਬੜੇ ਅਨੁਭਵੀ ਚਿਕਿਤਸਕ ਮੰਨੇ ਜਾਂਦੇ ਹਨ। ਉਨ੍ਹਾਂ ਨੇ ਆਪਣੀ ਉਪਰੋਕਤ ਪੁਸਤਕ ਵਿਚ ਸਾਗ ਆਹਾਰ ਨਾਲ ਇਸ ਭਗੰਦਰ ਰੋਗ ਤੋਂ ਬਚਾਏ ਅਨੇਕ ਰੋਗੀਆਂ ਦੇ ਲਹੂ ਦੇ ਫੋਟੋ ਦੇਕੇ ਇਹ ਸਿੱਧ ਕੀਤਾ ਹੈ ਕਿ ਸਾਗ ਆਹਾਰ ਹੀ ਇਸ ਰੋਗ ਦੀ ਮੁਖ ਚਿਕਿਤਸਾ ਹੈ।

(ਨਵਾਂ ਹਿੰਦੁਸਤਾਨ ੨੨-੯-੬੧)

## ਵਧੇਰੇ ਆਂਡੇ ਖਾਣ ਨਾਲ ਦਿਲ ਦੀ ਬੀਮਾਰੀ ਦਾ ਖਤਰਾ-ਡਾ: ਸੀ. ਡੀ. ਸਪੇਸ਼ਲ ਖੁਰਾਕ ਐਡਵਾਈਜ਼ਰ

ਡਾਕਟਰ ਸਾਹਿਬ ਨੇ ਜਾਲੰਧਰ ਕਲੱਬ ਦੇ ਮੈਂਬਰਾਂ ਸਾਮ੍ਹਣੇ ਭਾਸ਼ਣ ਦੇਂਦਿਆਂ ਕਹਿਆ ਕਿ ਵਧੇਰੇ ਆਂਡੇ ਖਾਣ ਨਾਲ ਦਿਲ ਦੀ ਬੀਮਾਰੀ ਦਾ ਖਤਰਾ ਹੈ। ਉਨ੍ਹਾਂ ਇਹ ਵੀ ਕਹਿਆ ਕਿ ਆਂਡਿਆਂ ਵਿਚ ਕਾਲੀ ਸਟਰਾਲ ਨਾਉਂ ਦਾ ਮਾਦਾ ਪਾਇਆ

ਜਾਂਦਾ ਹੈ, ਜਿਹੜਾ ਮਨੁਖ ਦੀਆਂ ਲਹੂ ਦੀਆਂ ਨਾੜੀਆਂ ਵਿਚ ਇਕੱਠਾ ਹੋ ਜਾਂਦਾ ਹੈ, ਜਿਸ ਨਾਲ ਦਿਲ ਨੂੰ ਬੀਮਾਰੀ ਲਗ ਜਾਂਦੀ ਹੈ। ਆਪ ਨੇ ਕਹਿਆ ਕਿ ਜਦ ਅਮਰੀਕਾ ਨਿਵਾਸੀਆਂ ਨੂੰ ਇਸ ਗਲ ਦਾ ਪਤਾ ਲਗਾ ਕਿ ਆਂਡਿਆਂ ਵਿਚ ਕਾਲੀ ਸਟਰਾਲ ਹੈ, ਜਿਸ ਨਾਲ ਦਿਲ ਨੂੰ ਬੀਮਾਰੀ ਲਗ ਜਾਂਦੀ ਹੈ। ਤਾਂ ਉਨ੍ਹਾਂ ਲੋਕਾਂ ਆਂਡੇ ਖਾਣੇ ਬੰਦ ਕਰ ਦਿਤੇ ਜਿਸ ਕਾਰਨ ਪੋਲਟਰੀ ਫਾਰਮਾਂ ਨੂੰ ਵਡੇ ਘਾਟੇ ਦਾ ਸਾਹਮਣਾ ਕਰਨਾ ਪਇਆ। ਉਨ੍ਹਾਂ ਨੇ ਕੁਕੜੀਆਂ ਨੂੰ ਐਸੀ ਖੁਰਾਕ ਦਿਤੀ ਜਿਸ ਨਾਲ ਆਂਡਿਆਂ ਵਿਚ ਕਾਲੀ ਸਟਰਾਲ ਪੈਦਾ ਨਾ ਹੋਵੇ।

ਡਾ: ਸਾਹਿਬ ਨੇ ਮਨੁਖੀ ਖੁਰਾਕ ਦਾ ਜ਼ਿਕਰ ਕਰਦਿਆਂ ਕਹਿਆ ਕਿ ਜਿਹੜੇ ਲੋਕ ਸਾਦੀ ਤੇ ਹੌਲੀ ਖੁਰਾਕ ਜਾਂ ਫਲ ਸਬਜੀਆਂ ਆਦਿ ਖਾਂਦੇ ਹਨ, ਉਨ੍ਹਾਂ ਦੀ ਉਮਰ ਲੰਮੀ ਹੁੰਦੀ ਹੈ। (ਰੋਜ਼ਾਨਾ ਮਿਲਾਪ ੧੪-੫-੬੪)

ਪਾਠਕਾਂ ਨੇ ਵਖ ਵਖ ਵਿਦਵਾਨਾਂ ਅਤੇ ਡਾਕਟਰਾਂ ਦੀਆਂ ਰਾਵਾਂ ਪੜ੍ਹ ਲਈਆਂ ਹਨ, ਮਗਰ ਗੁਰੂ ਹਮਾ ਦਾਨ ਹੁੰਦਾ ਹੈ। ਉਹ ਵਿਦਵਾਨਾਂ ਦਾ ਵਿਦਵਾਨ ਤੇ ਡਾਕਟਰਾਂ ਦਾ ਡਾਕਟਰ ਹੁੰਦਾ ਹੈ। ਉਹ ਪ੍ਰਕਾਸ਼-ਸਤੰਭ ਹੈ।ਉਸ ਦੇ ਹੁਕਮ ਅਗੇ ਸਭ ਦਲੀਲਾਂ ਹੇਚ ਹਨ। ਉਸ ਦੇ ਫੁਰਮਾਉਨ ਸਾਉਂਹੇ ਵਡੇ ਤੋਂ ਵਡਾ ਮੰਤਕ ਕੁਝ ਅਰਥ ਨਹੀਂ ਰਖਦਾ। ਉਹ ਕਾਦਰੇ-ਮੁਤਲਿਕ ਹੈ। ਉਹ ਮੁਦ ਕਦੀਮ ਤੋਂ ਮਾਸ ਮਦੁਰਾ ਤੋਂ ਵਰਜਦਾ ਆ ਰਹਿਆ ਹੈ ਅਤੇ ਸਮੇਂ ਦੇ ਸਰਦਾਰ, ਤਖਤ ਚਵਰ ਦੇ ਮਾਲਿਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਉਚੀ ਬਾਂਹ ਕਰਕੇ ਇਸ ਅਭੱਖ ਖਾਜ ਤੋਂ ਵਰਜ ਰਹੇ ਹਨ। ਇਸ ਵਾਸਤੇ ਅਜੇਹੇ ਆਹਾਰ ਦਾ ਤਿਆਗ ਕਰਨਾ ਚਾਹੀਦਾ ਹੈ, ਤਾਕਿ ਸੰਸਾਰ ਵਿਚ ਧਰਮ, ਸੁਖ, ਸ਼ਾਂਤੀ ਅਤੇ ਨਿਆਏ ਦਾ ਰਾਜ ਸਥਾਪਤ ਹੋਵੇ।

Sri Satguru Jagjit Singh Ji Elibrary NamdhariElibrary@gmail.com

# ਮਾਸ ਦੀ ਵਰਤੋਂ ਅਯੋਗ ਹੈ

ਡਾ: ਪ੍ਰਿਥਵੀਪਾਲ ਸਿੰਘ ਹੰਸਪਾਲ (ਇੰਗਲੈਂਡ)

ਇਸ ਲੇਖ 'ਚ ਇਹ ਸਿੱਧਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮਾਸ ਦਾ ਸੇਵਨ ਕਰਨਾ ਕੇਵਲ ਸਿਖਾਂ ਲਈ ਹੀ ਨਹੀਂ ਸਗੋਂ ਸਾਰੀ ਮਨੁਖ ਜਾਤੀ ਲਈ ਹੀ ਅਨੁਚਿਤ ਹੈ ਅਤੇ ਮਾਸ ਦਾ ਡਾਕਟਰੀ ਤੇ ਆਰਥਿਕ ਪਖੋਂ ਅਤੇ ਵਿਸ਼ਵ ਸ਼ਾਂਤੀ 'ਚ ਕੀ ਹਥ ਹੈ ਇਹਨਾਂ ਪੱਖਾਂ ਤੇ ਵੀ ਵਿਚਾਰ ਕੀਤਾ ਗਿਆ ਹੈ।

ਮਨੁਖ ਜਿਸ ਤਰ੍ਹਾਂ ਸਭ ਜਾਣਦੇ ਹਨ ਜੀਵ ਜੰਤੂਆਂ ਵਿਚੋਂ ਸਭ ਨਾਲੋਂ ਉਚ ਸ਼ਰੇਣੀ ਦਾ ਜੀਵ ਹੈ। ਦੂਜੇ ਸ਼ਬਦਾਂ 'ਚ ਮਨੁਖ ਇਕ ਉਚ ਸ਼ਰੇਣੀ ਦਾ ਜਾਨਵਰ ਹੈ। ਡਾਰਵਿਨ, ਬੈਰਨ, ਕਿਊਵਿਅਰ, ਸਰ ਚਾਰਲਸ ਬੈਲ ਅਤੇ ਦੂਜੇ ਵਿਗਿਆਨੀਆਂ ਨੇ ਇਸ ਗੱਲ ਨੂੰ ਸਿੱਧ ਕੀਤਾ ਹੈ ਕਿ ਮਨੁੱਖ ਦਾ ਜਨਮ ਨੀਵੀਂ ਜਾਤੀ ਦੇ ਜੀਵਾਂ ਤੋਂ ਹੀ ਹੋਇਆ ਹੈ।

ਇਹਨਾਂ ਵਿਗਿਆਨੀਆਂ ਦੇ ਵਿਚਾਰਾਂ ਅਨੁਸਾਰ ਮਨੁਖ ਇਕ ਸਮੇਂ ਬਿਲਕੁਲ ਸ਼ਾਕਾਹਾਰੀ ਸੀ ਪਰ ਬਰਫ ਦੇ ਜੁਗ ਵਿਚ ਜਦੋਂ ਬਰਫ਼ ਕਰਕੇ ਕੋਈ ਭੀ ਜੜੀ ਬੂਟੀ, ਫਲ, ਸਬਜ਼ੀ ਆਦਿ ਨਹੀਂ ਸਨ ਹੋ ਸਕਦੇ, ਮਨੁਖ ਨੇ ਮਜਬੂਰੀ 'ਚ ਜੀਵਾਂ ਨੂੰ ਮਾਰਕੇ ਆਪਣਾ ਆਹਾਰ ਬਣਾਇਆ। ਫਿਰ ਵੀ ਇਸ ਮਜਬੂਰੀ ਨਾਲ ਉਸ ਦੇ ਸਰੀਰ ਦੀ ਬਨਾਵਟ ਵਿਚ ਕੋਈ ਫਰਕ ਨਹੀਂ ਆਇਆ ਅਤੇ ਉਹ ਮਾਂਸਾ ਹਾਰੀ ਜੀਵਾਂ ਨਾਲੋਂ ਹੇਠ ਲਿਖੀਆਂ ਗਲਾਂ 'ਚ ਵਖਰਾ ਹੈ।

Sri Satguru Jagjit Singh Ji Elibrary NamdhariElibrary@gmail.com

੧. ਮਾਂਸਾਹਾਰੀ ਜੀਵਾਂ ਦੀਆਂ ਆਂਦਰਾਂ ਦੀ ਲੰਬਾਈ ਘੱਟ ਹੁੰਦੀ ਹੈ ਕਿਉਂਕਿ ਮਾਸ ਦੇ ਜ਼ਿਆਦਾ ਚਿਰ ਪੇਟ 'ਚ ਰਹਿਣ ਨਾਲ ਕਈ ਤਰ੍ਹਾਂ ਦੇ ਜ਼ਹਿਰੀਲੇ ਪਦਾਰਥ ਪੈਦਾ ਹੁੰਦੇ ਹਨ ਜੋ ਕਿ ਸਰੀਰ ਵਾਸਤੇ ਹਾਨੀ ਕਾਰਕ ਹੁੰਦੇ ਹਨ । ਇਸ ਵਾਸਤੇ ਕੁਦਰਤ ਨੇ ਮਾਸਾਹਾਰੀ ਜੀਵਾਂ ਦੀਆਂ ਆਂਦਰਾਂ ਛੋਟੀਆਂ ਕਰਕੇ ਉਹਨਾਂ ਦੀ ਇਹਨਾਂ ਜ਼ਹਿਰੀਲੇ ਪਦਾਰਥਾਂ ਤੋਂ ਬਚਣ ਲਈ ਲਈ ਮਦਦ ਕੀਤੀ ਹੈ।

ਮਨੁਖ ਦੀਆਂ ਆਂਦਰਾਂ ਦੀ ਲੰਬਾਈ ਜ਼ਿਆਦਾ ਹੁੰਦੀ ਹੈ।

੨. ਮਾਂਸਾਹਾਰੀ ਜੀਵਾਂ ਦੇ ਦੰਦ ਅਗੋਂ ਨੋਕਦਾਰ ਅਤੇ ਵਿਚੋਂ ਮੋਟੇ ਹੁੰਦੇ ਰਨ।

ਮਨੁੱਖ ਦੇ ਦੰਦ ਚੌੜੇ ਅਤੇ ਚਪਟੇ ਹੁੰਦੇ ਹਨ।

੩. ਮਾਂਸਾਹਾਰੀ ਜੀਵਾਂ ਦੇ ਪੰਜੇ ਹੁੰਦੇ ਹਨ।ਇਹ ਖਾਸ ਤੌਰ ਤੇ ਜ਼ਿੰਦਾ ਸ਼ਿਕਾਰ ਨੂੰ ਪਕੜਨ ਅਤੇ ਮਾਰਨ ਲਈ ਬਣੇ ਹੁੰਦੇ ਹਨ।

ਮਨੁਖਾਂ ਅਤੇ ਸ਼ਾਕਾਹਾਰੀ ਜੀਵਾਂ ਦੇ ਪੰਜੇ ਨਹੀਂ ਹੁੰਦੇ।

੪. ਮਾਂਸਾਹਾਰੀ ਜੀਵਾਂ ਦੇ ਜਬਾੜੇ ਉਪਰ ਅਤੇ ਥੱਲੇ ਹੀ ਖੁਲ੍ਹਦੇ ਹਨ। ਪਾਸਿਆਂ ਨੂੰ ਨਹੀਂ ਚਲਦੇ । ਜਿਵੇਂ ਕਿ ਗਊਆਂ ਅਤੇ ਮੱਝਾਂ ਜਾਂ ਹੋਰ ਸ਼ਾਕਾਹਾਰੀ ਜੀਵਾਂ ਦੇ ਪਾਸਿਆਂ ਨੂੰ ਵੀ ਚਲਦੇ ਹਨ ।

ਮਨੁਖ ਦਾ ਜਬਾੜਾ ਪਾਸਿਆਂ ਨੂੰ ਭੀ ਚਲਦਾ ਹੈ।

੫. ਮਾਂਸਾਹਾਰੀ ਜੀਵਾਂ ਨੂੰ ਮੁੜ੍ਹਕਾ ਨਹੀਂ ਆਉਂਦਾ ਕਿਉਂਕਿ ਉਹਨਾਂ ਦੇ ਸ਼ਰੀਰ 'ਚ ਮੁੜ੍ਹਕਾ ਕੱਢਣ ਵਾਲੀਆਂ ਗ੍ਰੰਥੀਆਂ ਨਹੀਂ ਹੁੰਦੀਆਂ ਅਤੇ ਸਰੀਰ ਦੀ ਅਧਿਕ ਨਮੀ ਨੂੰ ਉਹ ਪਿਸ਼ਾਬ ਰਾਹੀਂ ਕੱਢਦੇ ਹਨ।

Sri Satguru Jagjit Singh Ji Elibrary NamdhariElibrary@gmail.com

ਮਨੁਖਾਂ ਅਤੇ ਹੋਰ ਸ਼ਾਕਾਹਾਰੀ ਜੀਵਾਂ ਨੂੰ, ਮੁੜ੍ਹਕਾ ਆਉਂਦਾ ਹੈ।

੬. ਮਾਂਸਾਹਾਰੀ ਜੀਵਾਂ ਦਾ ਸਰੀਰਕ ਤਾਪਮਾਨ ਸਾਹ ਦੀ ਰਫ਼ਤਾਰ, ਅਤੇ ਜੀਭ ਦੇ ਕੱਢਣ ਕਾਰਨ ਠੀਕ ਰਹਿੰਦਾ ਹੈ। ਜੇਕਰ ਅਧਿਕ ਗਰਮੀ ਹੈ ਤਾਂ ਮਾਸ ਖਾਣ ਵਾਲੇ ਜਾਨਵਰ ਜੀਭ ਬਾਹਰ ਕੱਢ੍ਹਕੇ ਜਲਦੀ ਜਲਦੀ ਸਾਹ ਲੈਂਦੇ ਹਨ।

ਮਨੁਖਾਂ ਅਤੇ ਸ਼ਾਕਾਹਾਰੀ ਜੀਵਾਂ ਦਾ ਤਾਪਮਾਨ ਖੱਲ ਰਾਹੀਂ ਮੁੜ੍ਹਕਾ ਆਕੇ ਠੀਕ ਹੁੰਦਾ ਹੈ। ਜ਼ਿਆਦਾ ਗਰਮੀ ਹੋਵੇ ਤਾਂ ਜ਼ਿਆਦਾ ਮੁੜ੍ਹਕਾ ਆਉਂਦਾ ਹੈ।

੭. ਮਾਂਸਾਹਾਰੀ ਜੀਵਾਂ ਦੇ ਥੁੱਕ 'ਚ ਟਾਯਲਿਨ ਨਾਮਕ ਰਸ ਨਹੀਂ ਹੁੰਦਾ ਜਿਸ ਨਾਲ ਨਿਸ਼ਾਸਤਾ ਹਜ਼ਮ ਹੁੰਦਾ ਹੈ।

ਮਨੁਖਾਂ ਅਤੇ ਹੋਰ ਸ਼ਾਕਾਹਾਰੀ ਜੀਵਾਂ ਦੇ ਥੁਕ 'ਚ ਟਾਯਲਿਨ ਨਾਮਕ ਰਸ ਹੁੰਦਾ ਹੈ ਜਿਸ ਨਾਲ ਕੁਝ ਮਾਤਰਾ 'ਚ ਨਿਸ਼ਾਸਤਾ ਮੂੰਹ 'ਚ ਹੀ ਹਜ਼ਮ ਹੋ ਜਾਂਦਾ ਹੈ।

੮. ਮਾਂਸਾਹਾਰੀ ਜੀਵਾਂ ਦੇ ਮਿਹਦੇ 'ਚ ਨਮਕ ਦੇ ਤੇਜ਼ਾਬ ਦੀ ਮਾਤਰਾ ਮਨੁਖਾਂ ਜਾਂ ਹੋਰ ਸ਼ਾਕਾਹਾਰੀ ਜੀਵਾਂ ਨਾਲੋਂ ਲਗ ਪਗ ਦਸ ਗੁਣਾਂ ਜ਼ਿਆਦਾ ਹੁੰਦੀ ਹੈ। ਤਾਕਿ ਮਾਸ ਜਾਂ ਉਸ ਨਾਲ ਖਾਧੀਆਂ ਹੋਈਆਂ ਹੱਡੀਆਂ ਹਜ਼ਮ ਹੋ ਸਕਣ।

੯. ਮਾਂਸਾਹਾਰੀ ਜੀਵ ਪਾਣੀ ਜੀਭ ਨਾਲ ਚੱਪ ਚੱਪ ਕਰਕੇ ਪੀਂਦੇ ਹਨ।

ਮਨੁਖ ਜਾਂ ਹੋਰ ਸ਼ਾਕਾਹਾਰੀ ਜੀਵ ਮੂੰਹ ਨਾਲ ਚੂਸ ਕੇ ਪਾਣੀ ਪੀਂਦੇ ਹਨ।

ਉਪਰ ਲਿਖੇ ਨੁਕਤਿਆਂ ਅਨੁਸਾਰ ਇਹ ਗੱਲ ਸਪਸ਼ਟ ਹੈ ਕਿ ਮਾਸ ਇਨਸਾਨੀ ਭੋਜਨ ਨਹੀਂ ਹੈ।

ਦੁਨੀਆਂ ਦੇ ਬਹੁਤੇ ਦੇਸ਼ਾਂ 'ਚ ਮਾਸ ਭੋਜਨ ਦੇ ਰੂਪ 'ਚ

Sri Satguru Jagjit Singh Ji Elibrary NamdhariElibrary@gmail.com

ਖਾਧਾ ਜਾਂਦਾ ਹੈ ।ਇਹ ਸਾਰੇ ਦੇਸ਼ ਬੀਮਾਰੀਆਂ ਦੇ ਘਰ ਹਨ । ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਇਹਨਾਂ ਅਤੇ ਹੋਰ ਬੀਮਾਰੀਆਂ ਤੋਂ ਬਚਨ ਲਈ ਬਹੁਤ ਯਤਨ ਕਰਦੀਆਂ ਹਨ। ਬਹੁਤ ਸਾਰਾ ਹਿਸਾ ਉਹਨਾਂ ਦੇ ਸਾਲਾਨਾ ਬਜਟ ਦਾ ਦੇਸ਼ ਵਾਸ਼ੀਆਂ ਦੀ ਸਿਹਤ ਵਾਸਤੇ ਖਰਚ ਹੁੰਦਾ ਹੈ।

ਸੰਨ ੧੯੫੮ ਵਿਚ ਬ੍ਰਿਟੇਨ ਦੀ ਆਬਾਦੀ ਲਗ ਪਗ ੫ ਕਰੋੜ ਸੀ ਅਤੇ ਉਸ ਦੇਸ਼ ਦੇ ਲੋਕਾਂ ਦੀ ਸੇਹਤ ਨੂੰ ਚੰਗਾ ਕਰਨ ਲਈ ਲਗ ਪਗ ੫੦ ਕਰੋੜ ਪੌਂਡ ਸਾਲਾਨਾ ਖਰਚ ਹੁੰਦਾ ਹੈ। ਮਾਸ ਖਾਣ ਵਾਲੇ ਦੇਸ਼ਾਂ 'ਚ ਕੈਂਸਰ ਅਤੇ ਹੋਰ ਕਈ ਭਿਆਨਕ ਬੀਮਾਰੀਆਂ ਹੁੰਦੀਆਂ ਹਨ। ਸਾਰੇ ਦੇਸ਼ 'ਚ ਦਵਾਈਆਂ ਬਨਾਉਣ ਵਾਲਿਆਂ ਅਤੇ ਡਾਕਟਰਾਂ ਆਦਿ ਨੂੰ ਸਭ ਨਾਲੋਂ ਜ਼ਿਆਦਾ ਪੈਸਾ ਜਾਂਦਾ ਹੈ। ਲਗ ਪਗ ੩੦ ਕਰੋੜ ਨੁਸਖੇ ਹਰ ਸਾਲ ਦੇ ਵਿਕਦੇ ਹਨ।

ਇਸ ਤੋਂ ਬਿਲਕੁਲ ਉਲਟ ਹੁੰਜ਼ਾ ਜਾਤੀ ਦੇ ਲੋਕਾਂ 'ਚ ਇਹ ਬੀਮਾਰੀਆਂ ਹੁੰਦੀਆਂ ਹੀ ਨਹੀਂ ਜਾਂ ਬਹੁਤ ਘਟ ਹੁੰਦੀਆਂ ਹਨ ਅਤੇ ਉਹ ਸ਼ਾਕਾਹਾਰੀ ਹੁੰਦੇ ਹਨ।

## ਮਾਂਸਾਹਾਰੀ ਭੋਜਨ ਤੋਂ ਹੋਣ ਵਾਲੀਆਂ ਬੀਮਾਰੀਆਂ

ਕੈਂਸਰ,ਗੰਠੀਆ,ਅਤੇ ਬਾਦੀ ਦੀਆਂ ਦਰਦਾਂ ਆਦਿਭਿਆਨਕ ਬੀਮਾਰੀਆਂ ਤੋਂ ਬਿਨਾਂ ਖਾਰਸ਼, ਕਬਜ਼, ਬਵਾਸੀਰ, ਪੇਟ 'ਚ ਮਲੱਪ, ਟੱਟੀਆਂ, ਸਿਰ ਦੀਆਂ ਦਰਦਾਂ ਅਤੇ ਪੇਟ ਦੀਆਂ ਖਰਾਬੀਆਂ ਆਦਿ ਬੀਮਾਰੀਆਂ ਆਮ ਤੌਰ ਤੇ ਮਾਂਸਾਹਾਰੀ ਭੋਜਨ ਦਾ ਸੇਵਨ ਕਰਨ ਵਾਲੇ ਮਨੁੱਖਾਂ ਨੂੰ ਹੋ ਜਾਂਦੀਆਂ ਹਨ।

ਬਹੁਤ ਸਾਰੇ ਮਾਸ਼ ਖਾਣ ਵਾਲੇ ਲੋਕ ਇਸ ਗੱਲ ਦਾ

ਦਾਹਵਾ ਕਰਦੇ ਹਨ ਕਿ ਮਾਸ ਭੋਜਨ ਦੇ ਇਕ ਬਹੁਤ ਜ਼ਰੂਰੀ ਭਾਗ, ਪਰੋਟੀਨ ਦਾ ਚੰਗਾ ਸੋਮਾ ਹੈ। ਪਰ ਇਹ ਗਲ ਕਰੀਬ ੪੦ ਸਾਲ ਪੁਰਾਣੇ ਇਕ ਅਧੂਰੇ ਪ੍ਰਯੋਗ ਤੇ ਆਧਾਰਿਤ ਹੈ।

ਸਰ ਰਾਬਰਟ ਐਮਸੀ ਕੈਰੀਸਨ ਨੇ ਚੂਹਿਆਂ ਦੇ ਦੋ ਗਰੁਪਾਂ ਨੂੰ ਹੁੰਜ਼ਾ ਜਾਤੀ ਦਾ ਸ਼ਾਕਾਹਾਰੀ ਭੋਜਨ ਅਤੇ ਅੰਗਰੇਜ਼ ਜਾਤੀ ਦਾ ਮਾਂਸਾਹਾਰੀ ਭੋਜਨ ਖਵਾਇਆ ਅਤੇ ਕੁਝ ਦਿਨਾਂ ਬਾਦ ਦੇਖਿਆ ਕਿ ਸ਼ਾਕਾਹਾਰੀ ਭੋਜਨ ਖਾਣ ਵਾਲੇ ਚੂਹੇ ਚੰਗੀ ਤਰ੍ਹਾਂ ਵਧੇ, ਫੁੱਲੇ ਅਤੇ ਉਹਨਾਂ ਨੂੰ ਕੋਈ ਬੀਮਾਰੀ ਭੀ ਨਹੀਂ ਸੀ, ਉਹਨਾਂ ਦਾ ਸੁਭਾਵ ਵੀ ਚੰਗਾ ਸੀ। ਇਸ ਤੋਂ ਉਲਟ ਮਾਂਸਾਹਾਰੀ ਭੋਜਨ ਖਾਣ ਵਾਲੇ ਚੂਹਿਆਂ ਨੂੰ ਕੈਂਸਰ, ਸੂਰਕ ਦਰਦਾਂ ਜਹੀਆਂ ਭਿਆਨਕ ਬੀਮਾਰੀਆਂ ਸਨ। ਉਹ ਇਕ ਦੂਜੇ ਨੂੰ ਮਾਰ ਖਾਂਦੇ ਸਨ, ਲੜਾਕੇ ਸਨ, ਉਹਨਾਂ ਦੇ ਗਰਭ ਵੀ ਕੱਚੇ ਹੀ ਗਿਰ ਜਾਂਦੇ ਸਨ। ਉਹ ਆਪਣੇ ਬਚਿਆਂ ਨੂੰ ਦੁਧ ਵੀ ਨਹੀਂ ਸਨ ਪਿਆ ਸਕਦੇ।

ਇਸ ਪ੍ਰਯੋਗ ਨਾਲ ਇਹ ਸਿੱਧ ਹੁੰਦਾ ਹੈ ਕਿ ਸ਼ਾਕਾਹਾਰੀ ਭੋਜਨ ਨਾਲ ਹੀ ਸਰੀਰ ਬਿਲਕੁਲ ਠੀਕ ਪ੍ਰਕਾਰ ਵਧਦਾ ਅਤੇ ਫੂਲਦਾ ਹੈ। ਮਾਸ ਖਾਣ ਵਾਲਿਆਂ ਦਾ ਜ਼ਿਆਦਾ ਪਰੋਟੀਨ ਵਾਲਾ ਵਿਚਾਰ ਭੀ ਗਲਤ ਸਾਬਿਤ ਹੋ ਜਾਂਦਾ ਹੈ।

ਜਿਥੋਂ ਤਕ ਤਾਕਤ ਦੀ ਗੱਲ ਹੈ। ਮਾਸ ਖਾਣ ਵਾਲੇ ਕਹਿੰਦੇ ਹਨ ਕਿ ਮਾਸ ਨਾਲ ਸਰੀਰ ਤਾਕਤ ਵਰ ਬਣਦਾ ਹੈ ਪਰੰਤੂ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਪਾਰਟਨ ਰੋਮ ਦੀ ਇਕ ਬਹੁਤ ਹੀ ਬਹਾਦੁਰ ਅਤੇ ਮਿਹਨਤੀ ਕੌਮ ਮੰਨੀ ਜਾਂਦੀ ਹੈ। ਰੋਮ ਦੀ ਫੌਜ 'ਚ ਇਸੇ ਹੀ ਕੌਮ ਦੇ ਲੋਕ ਜ਼ਿਆਦਾ ਹੁੰਦੇ ਸਨ। ਪਰ ਇਸ ਕੌਮ ਦੇ ਲੋਕ ਸ਼ਾਕਾਹਾਰੀ ਹੁੰਦੇ ਸਨ।

ਮਰੇ ਰੋਜ਼ ਇਕ ੧੭ ਸਾਲ ਦੇ ਸ਼ਾਕਾਹਾਰੀ ਨੇ ੧੯੫੬ ਦੀਆਂ ਅੰਤਰ ਰਾਸ਼ਟਰੀ ਖੇਡਾਂ 'ਚ ਤਿੰਨ ਸਵਰਨ ਪਦ ਜਿਤੇ ਸਨ।

Sri Satguru Jagjit Singh Ji Elibrary NamdhariElibrary@gmail.com

ਬਿੱਲ ਪਿਕਰਿੰਗ—ਇਸ ਜਵਾਨ ਨੇ ਅੰਗਰੇਜ਼ੀ ਸਾਗਰ ਨੂੰ ਭਰ ਕੇ ਪਾਰ ਕੀਤਾ ਅਤੇ ਨਾਲ ਹੀ ਪਹਿਲਾਂ ਦਾ ਰਿਕਾਰਡ ਵੀ ਤੋੜਿਆ ਇਹਨੇ ੧੪ ਘੰਟੇ ਅਤੇ ੬ ਮਿੰਟ 'ਚ ਸਾਰੇ ਸਾਗਰ ਨੂੰ ਪਾਰ ਕੀਤਾ।

ਇਹ ਸਭ ਸ਼ਾਕਾਹਾਰੀ ਹਨ ਅਤੇ ਇਹਨਾਂ ਦੀ ਤਾਕਤ ਆਦਿ ਤੋਂ ਅਸੀਂ ਕਹਿ ਸਕਦੇ ਹਾਂ ਕਿ ਸ਼ਾਕਾਹਾਰੀ ਭੋਜਨ ਨਾਲ ਭੀ ਤਾਕਤ ਦੀ ਕਮੀ ਨਹੀਂ।

ਹੁਣ ਕੁਝ ਆਰਥਿਕ ਤੌਰ ਤੇ ਭੀ ਵਿਚਾਰ ਕਰੀਏ ਕਿ ਸ਼ਾਕਾਹਾਰੀ ਭੋਜਨ ਨਾਲ ਦੇਸ਼ ਦੀ ਆਰਥਿਕ ਸਮੱਸਿਆ 'ਚ ਕੁਝ ਮਦਦ ਭੀ ਮਿਲਦੀ ਹੈ ਜਾਂ ਨਹੀਂ।

੧੯੫੭ ਦੇ ਅੰਕੜਿਆਂ ਅਨੁਸਾਰ ਦੁਨੀਆਂ ਦੀ ਆਬਾਦੀ ਲਗ ਪਗ ਢਾਈ ਅਰਬ ਸੀ ਅਤੇ ਇਹ ਅਨੁਮਾਨ ਲਗਾਇਆ ਜਾਂਦਾ ਸੀ ਕਿ ਇਸ ਸ਼ਤਾਬਦੀ ਬਾਦ ਅਬਾਦੀ ੫ ਅਰਬ ਹੋ ਜਾਵੇਗੀ।

ਇਹਨਾਂ ਹੀ ਅੰਕੜਿਆਂ ਦੇ ਅਨੁਸਾਰ ਇਕ ਏਕੜ ਜ਼ਮੀਨ (ਵਹਾਈ ਵਾਲੀ) ਹਰ ਆਦਮੀ ਦੇ ਹਿਸੇ ਆਉਂਦੀ ਹੈ। ਇਸੇ ਦੇ ਹੀ ਵਿਚ ਉਹ ਆਪਣੇ ਖਾਣ ਜੋਗਾ ਅੰਨ, ਫਲ, ਸਬਜ਼ੀਆਂ ਆਦਿ ਉਗਾ ਸਕਦਾ ਹੈ।

ਇਹਨਾਂ ਹੀ ਅੰਕੜਿਆਂ ਅਨੁਸਾਰ ਇਕ ਮਾਸ ਖਾਣ ਵਾਲੇ ਮਨੁਖ ਲਈ ੧·੬੩ ਏਕੜ ਜ਼ਮੀਨ ਚਾਹੀਦੀ ਹੈ ਅਤੇ ਇਕ ਸ਼ਾਕਾਹਾਰੀ ਮਨੁੱਖ ਲਈ ੦·੫ ਤੋਂ ਲੈਕੇ ੦·੬ ਏਕੜ ਜ਼ਮੀਨ ਚਾਹੀਦੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਮਾਸ ਖਾਣ ਵਾਲੇ ਨੂੰ ਹਿਸੇ ਆਉਂਦੀ ਜ਼ਮੀਨ ਨਾਲੋਂ ਜਿਆਦਾ ਜ਼ਮੀਨ ਚਾਹੀਦੀ ਹੈ ਜੋ ਦੂਜਿਆਂ ਦਾ ਹਿਸਾ ਹੈ ਅਤੇ ਜਿਸ ਦਾ ਉਹ ਹਿੱਸਾ ਖੁਸ.

ਜਾਂਦਾ ਹੈ ਉਹ ਭੁਖਿਆਂ ਮਰਦਾ ਹੈ।

ਇਕ ਟੱਨ ਮੋਟਾ ਮਾਸ ਜਿਤਨੇ ਸਮੇਂ ਅਤੇ ਜ਼ਮੀਨ 'ਚ ਹੁੰਦਾ ਹੈ ਉਤਨੇ ਹੀ ਸਮੇਂ ਅਤੇ ਜ਼ਮੀਨ 'ਚ ੧੦–੨੦ ਟੱਨ ਸ਼ਾਕਾਹਾਰੀ ਭੋਜਨ, ਜੋ ਕਿ ਬਹੁਤ ਹੀ ਲਾਭਦਾਇਕ ਹੁੰਦਾ ਹੈ, ਹੋ ਜਾਂਦਾ ਹੈ ਜਿਸ ਦਾ ਸੇਵਨ ਕਰਨਾ ਭੀ ਬਹੁਤ ਹੀ ਆਸਾਨ ਹੈ।

ਬਰਮਾ ਦੇ ਰਹਿ ਚੁਕੇ ਪ੍ਰਧਾਨ ਮੰਤਰੀ ਸ੍ਰੀ ਊ. ਨੂ. ਨੇ ਅਕਤੂਬਰ ੧੯੫੭ ਵਿਚ ਆਪਣੇ ਇਕ ਭਾਸ਼ਣ ਵਿਚ ਕਿਹਾ ਸੀ—

"ਇਕ ਸ਼ਾਕਾਹਾਰੀ ਸਿਰਫ਼ ਇੰਨਾ ਸਿਆਣਾ ਹੀ ਨਹੀਂ ਹੁੰਦਾ ਜੋ ਆਪਣੀ ਸਿਹਤ ਤੇ ਆਰਥਕਤਾ ਲਈ ਹੀ ਚੰਗੀਆਂ ਆਦਤਾਂ ਪਾ ਸਕਦਾ ਹੈ ਸਗੋਂ ਇਹ ਇਕ ਦੇਸ ਭਗਤ ਵੀ ਹੁੰਦਾ ਹੈ ਜੋ ਆਪਣੀ ਕੌਮੀਆਰਥਕਤਾ ਵਿਚ ਵੀ ਯੋਗ ਹਿੱਸਾ 'ਪਾਉਂਦਾ ਹੈ।

ਉਨ੍ਹਾਂ ਨੇ ਅਗੇ ਕਿਹਾ—

"ਇਹ ਸਿਰਫ਼ ਜੀਭ ਦਾ ਸੁਆਦ ਹੀ ਹੈ ਜਿਸ ਕਾਰਨ ਮਾਸ ਖਾਣ ਤੇ ਪ੍ਰਾਪਤ ਕਰਨ ਲਈ ਇੰਨੀ ਖੇਚਲ ਕਰਨੀ ਪੈਂਦੀ ਹੈ।"

ਹੁਣ ਸਵਾਲ ਇਹ ਉਠਦਾ ਹੈ ਕਿ ਮਾਂਸਾਹਾਰੀ ਭੋਜਨ ਦਾ ਕੋਈ ਸੰਬੰਧ ਵਿਸ਼ਵ ਸ਼ਾਂਤੀ ਨਾਲ ਵੀ ਹੈ ਜਾਂ ਨਹੀਂ । ਇਸ ਬਾਰੇ ਸਾਡੇ ਦੇਸ਼ ਦੇ ਸਭ ਤੋਂ ਪਹਿਲੇ ਅਤੇ ਸਵਰਗਵਾਸੀ ਰਾਸ਼ਟਰ ਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਬੰਬਈ ਕਾਂਗਰਸ ਸਮਾਗਮ 'ਚ ਬੋਲਦਿਆਂ ਕਿਹਾ ਸੀ—

"ਸ਼ਾਕਾਹਾਰ ਪ੍ਰਮਾਣੂ ਤੇ ਹਾਈਡਰੋਜਨ ਬੰਬਾਂ ਦਾ ਉਤਰ ਹੈ। ਜੋ ਆਦਮੀ ਕਿਸੇ ਪੰਛੀ ਜਾਂ ਪਸ਼ੂ ਨੂੰ ਨਹੀਂ ਮਾਰਦਾ ਉਹ ਨਿਸਚੇ ਹੀ ਭੋਲੇ ਭਾਲੇ ਆਦਮੀਆਂ ਔਰਤਾਂ ਤੇ ਬੰਬ ਕਿਵੇਂ ਸੁਟ

ਸਕਦਾ ਹੈ ? ਸੋ, ਸ਼ਾਕਾਹਾਰ ਸਿਰਫ ਖਿਆਲੀ ਨਾਅਰਾ ਹੀ ਨਹੀਂ। ਨਾਂ ਹੀ ਭੋਜਨ ਬਾਰੇ ਹੀ ਕੋਈ ਨਿਯਮ ਹੈ ਸਗੋਂ ਇਹ ਵਿਸ਼ਵ ਵਿਚ ਅਮਨ ਤੇ ਖੁਸ਼ਹਾਲੀ ਲਈ ਸ਼ਾਹ ਰਾਹ ਹੈ।"

ਬਰਮਾ ਦੇ ਰਹਿ ਚੁਕੇ ਪ੍ਰਧਾਨ ਮੰਤਰੀ ਸ੍ਰੀ ਊ-ਨੂ ਨੇ ਵਿਸ਼ਵ ਸ਼ਾਕਾਹਾਰੀ ਇਕੱਠ ਦੇ ਨਾਂ ਇਕ ਸੰਦੇਸ਼ ਵਿਚ ਕਿਹਾ ਸੀ, "ਵਿਸ਼ਵ ਅਮਨ ਜਾਂ ਅਮਨ ਦੀ ਹੋਰ ਕਿਸਮ ਮਾਨਸਿਕ ਪਧਰ ਤੇ ਆਧਾਰਤ ਹੈ। ਸ਼ਾਕਾਹਾਰ ਸਹੀ ਮਾਨਸਿਕ ਪਧਰ ਕਾਇਮ ਕਰ ਸਕਦਾ ਹੈ।...ਸ਼ਾਕਾਹਾਰ, ਹਰ ਪਖੋਂ ਚੰਗਾ ਤੇ ਅਪਨਾਉਣ ਯੋਗ ਢੰਗ ਹੈ।"

ਅੰਤਰ ਰਾਸ਼ਟਰੀਯ ਸ਼ਾਕਾਹਾਰੀ ਸੰਗਠਨ ਦੀ ਪ੍ਰਧਾਨ ਸ੍ਰੀ ਮਤੀ ਗੌਸਕ (ਅਮਰੀਕਾ ਨਿਵਾਸੀ) ਨੇ ਆਪਣੇ ਇਕ ਸੰਦੇਸ਼ ਵਿਚ ਕਿਹਾ ਸੀ—

"ਜਿੰਨਾਂ ਚਿਰ ਅਸੀਂ ਭੋਜਨ ਵਾਲੇ ਮੇਜ਼ ਤੇ ਮੁਰਦਾ ਜਾਨਵਰਾਂ ਦੇ ਮਾਸ ਦੀ ਵਰਤੋਂ ਕਰਕੇ, ਜੰਗ ਕਰਨੋਂ ਨਹੀਂ ਹਟਦੇ ਉਨਾਂ ਚਿਰ ਵਿਸ਼ਵ ਵਿਚ ਸਹੀ ਅਮਨ ਨਹੀਂ ਹੋ ਸਕਦਾ ਸਗੋਂ ਇਕ ਧੋਖਾ ਹੀ ਹੋਇਗਾ।"

ਸਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੀ ਕਿਹਾ ਕਰਦੇ ਸਨ ਕਿ ਜਦ ਤਕ ਦੁਨੀਆਂ ਮਾਸ ਸ਼ਰਾਬ ਨਹੀਂ ਛਡਦੀ ਅਤੇ ਗਊ ਹੱਤਿਆ ਬੰਦ ਨਹੀਂ ਹੁੰਦੀ ਓਦੋਂ ਤਕ ਵਿਸ਼ਵ ਸ਼ਾਂਤੀ ਨਹੀਂ ਸਥਾਪਿਤ ਹੋ ਸਕਦੀ।

ਇਹਨਾਂ ਵਿਚਾਰਾਂ ਅਤੇ ਪ੍ਰਮਾਣਾਂ ਦੁਆਰਾ ਇਹ ਸਪਸ਼ਟ ਹੈ ਕਿ ਜਿਹੜੇ ਇਨਸਾਨ, ਭਾਵੇਂ ਉਹ ਕਿਸੇ ਭੀ ਮਤ ਦੇ ਹੋਣ ਮਾਸ ਖਾਣ ਦੇ ਹਕ 'ਚ ਹੋਣ ਉਹ ਭੁਲ ਕਰਦੇ ਹਨ।

ਇਕ ਸ਼ੰਕਾ ਸਮਾਧਾਨ

# ਜਾਪਾਨੀ ਬੋਧੀਆਂ ਵਿਚ ਮਾਂਸਾਹਾਰ

ਮੂਲ ਲੇਖਕ—ਸ੍ਰੀ ਮ. ਸ. ਮਕੀਨੋ (ਜਾਪਾਨ)

ਅਨੁਵਾਦਕ—ਸਵਰਨ ਸਿੰਘ ਸਨੇਹੀ (ਬਾਹਪੁਰ)

ਜਦੋਂ ਤੋਂ ਹੀ ਮੈਂ ਭਾਰਤ ਆਇਆ ਹਾਂ ਉਦੋਂ ਤੋਂ ਹੀ ਇਹ ਪ੍ਰਸ਼ਨ ਮੈਂ ਲਗਾਤਾਰ ਸੁਣਦਾ ਆ ਰਿਹਾ ਹਾਂ ਕਿ ਅਹਿੰਸਾਵਾਦੀ ਬੁਧ ਧਰਮ ਦੇ ਦੇਸ ਜਾਪਾਨ ਵਿਚ ਲੋਕ ਮਾਂਸਾਹਾਰੀ ਕਿਉਂ ਹਨ ? ਜਦੋਂ ਅਜ ਤੋਂ ੫-੬ ਵਰ੍ਹੇ ਪਹਿਲਾਂ ਪੰਢਰਪੁਰ ਵਿਚ ਸਰਵੋਦੇ ਸਮੇਲਨ ਆਯੋਜਿਤ ਹੋਇਆ ਸੀ ਤਦ ਮੇਰੀ ਰਹਿ ਚੁਕੇ ਵਿਤ ਮੰਤਰੀ ਮੁਰਾਰਜੀ ਦੇਸਾਈ ਨਾਲ ਮੁਲਾਕਾਤ ਹੋਈ। ਉਸ ਸਮੇਂ ਉਨ੍ਹਾਂ ਨੇ ਵੀ ਇਸ ਬਾਰੇ ਪ੍ਰਸ਼ਨ ਕੀਤਾ ਸੀ ਕਿ ਭਗਵਾਨ ਬੁਧ ਦੇ ਅਨੁਆਈ ਮਾਂਸ ਕਿਉਂ ਖਾਂਦੇ ਹਨ ? ਇਜੇਹਾ ਸੁਆਲ ਹੋਣਾ ਸੁਭਾਵਿਕ ਹੀ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸਾਰੇ ਭਾਰਤੀਆਂ ਦੇ ਮਨਾਂ ਵਿਚ ਇਹ ਸ਼ੰਕਾ ਪੈਦਾ ਹੁੰਦਾ ਹੈ। ਸ਼ਾਇਦ ਜਾਪਾਨ ਦੀ ਭੂਗੋਲਿਕ ਪ੍ਰਸਥਿਤੀ ਵਿਚ ਰਹਿਣ ਵਾਲੇ ਹੀ ਇਸ ਗੱਲ ਨੂੰ ਸਮਝ ਸਕਣਗੇ, ਦੂਜੇ ਨਹੀਂ। ਪ੍ਰੰਤੂ ਇਥੇ ਮੈਂ, ਜਿੰਨਾਂ ਹੋ ਸਕਿਆ, ਇਸ ਲਿਖਤ ਰਾਹੀਂ ਇਸ ਸ਼ੰਕੇ ਦੀ ਸਮਾਧਾਨਤਾ ਕਰਨ ਦਾ ਜਤਨ ਕਰਾਂਗਾ ਤੇ ਦਸਾਂਗਾ ਕਿ ਅਸਲੀਅਤ ਕੀ ਹੈ ਤਾਂ ਕਿ ਵਿਦੇਸ਼ੀ ਲੋਕ ਜਾਪਾਨ ਬਾਰੇ ਗ਼ਲਤ ਫਹਿਮੀ ਨਾ ਰੱਖਣ।

ਇਹ ਤਾਂ ਇਕ ਨਿਰਵਿਵਾਦ ਸਚਾਈ ਹੈ ਕਿ ਇਸ ਭੂਮੰਡਲ

Sri Satguru Jagjit Singh Ji Elibrary NamdhariElibrary@gmail.com

ਡੇ ਗਰਮ ਤੇ ਠੰਢੇ ਦੋਨੋਂ ਤਰ੍ਹਾਂ ਦੇ ਹੀ ਦੇਸ ਹਨ। ਦੇਸ ਤੇ ਵਾਤਾਵਰਣ ਅਨੁਸਾਰ ਕਿਤੇ ਸ਼ਾਕਾਹਾਰੀ ਤੇ ਕਿਤੇ ਮਾਂਸਾਹਾਰੀ ਭੋਜਨ ਵਰਤਿਆ ਜਾਂਦਾ ਹੈ। ਅਤਿ ਠੰਢੇ ਦੇਸਾਂ ਵਿਚ, ਜਿਥੇ ਸਾਗ ਸਬਜ਼ੀ ਦਾ ਉਤਪਾਦਨ ਮੁਸ਼ਕਲ ਹੈ,ਲੋਕ ਆਮ ਕਰ ਕੇ ਮਾਂਸਾਹਾਰੀ ਹੁੰਦੇ ਹਨ। ਇਸ ਤੋਂ ਉਲਟ ਭਾਰਤ ਜਹੇ ਗਰਮ ਦੇਸ ਵਿਚ, ਜਿਥੇ ਫਲ, ਸਾਗ ਸਬਜ਼ੀਆਂ ਕਾਫ਼ੀ ਮਾਤਰਾ ਵਿਚ ਤੇ ਬਹੁਤੀ ਵਾਰ ਪੈਦਾ ਹੋ ਸਕਦੀਆਂ ਹਨ, ਲੋਕ ਆਮ ਕਰ ਕੇ ਸ਼ਾਕਾਹਾਰੀ ਹੁੰਦੇ ਹਨ। ਉਦਾਹਰਣਾਰਥ ਤਿੱਬਤ ਜਾਂ ਮੰਗੋਲੀਆ ਨੂੰ ਹੀ ਲੈ ਲਵੋ। ਇਥੇ ਕੜਾਕੇ ਦੀ ਸਰਦੀ ਕਾਰਨ ਬਨਸਪਤੀ ਉਗਣੀ ਅਸੰਭਵ ਹੈ। ਉਥੇ ਸਾਰੇ ਲੋਕਾਂ ਨੂੰ ਮਾਸ ਖਾਣਾ ਪੈਂਦਾ ਹੈ। ਜੇ ਧਰਮ ਦੇ ਨਾਂ ਤੇ ਕੋਈ ਪ੍ਰਚਾਰਕ ਮਾਂਸ ਦੀ ਮਨਾਹੀ ਕਰਦੇ ਹਨ ਤਾਂ ਉਹ ਨਾ ਤਾਂ ਆਪਣਾ ਜੀਵਨ ਹੀ ਸੁਰਖਿਅਤ ਰਖ ਸਕਦੇ ਹਨ ਤੇ ਨਾ ਧਰਮ ਪ੍ਰਚਾਰ ਕਰ ਸਕਦੇ ਹਨ। ਜਿਥੋਂ ਤੱਕ ਬੁਧ ਧਰਮ ਪ੍ਰਤੀ ਸ਼ਰਧਾ ਦਾ ਸੁਆਲ ਹੈ–ਸਭ ਤੋਂ ਵਧੇਰੇ ਸ਼ਰਧਾਲੂ ਤਾਂ ਇਹੋ ਤਿਬਤੀ ਤੇ ਮੰਗੋਲੀਅਨ ਹੀ ਹਨ। ਜਿਥੋਂ ਤਕ ਧਾਰਮਿਕ ਸ਼ਰਧਾ ਤੇ ਪਵਿਤਰਤਾ ਦਾ ਸਬੰਧ ਹੈ ਉਸ ਨਾਲ ਖਾਧੀਆਂ ਜਾਣ ਵਾਲੀਆਂ ਚੀਜ਼ਾਂ ਦਾ ਕੋਈ ਸਬੰਧ ਨਹੀਂ।

ਇਸੇ ਤਰ੍ਹਾਂ ਜਾਪਾਨ ਏਸ਼ੀਆ ਦਾ ਅਜਿਹਾ ਦੇਸ ਹੈ ਜੋ ਚੌਹਾਂ ਪਾਸਿਆਂ ਤੋਂ ਘਿਰਿਆ ਹੋਇਆ ਇਕ ਟਾਪੂ ਹੈ। ਕਿਹਾ ਜਾਂਦਾ ਹੈ ਕਿ ਸੰਸਾਰ ਵਿਚ ਸਭ ਤੋਂ ਵਧ ਮੱਛੀ ਜਾਪਾਨ ਵਿਚ ਫੜੀ ਜਾਂਦੀ ਹੈ। ਸੋ ਜਾਪਾਨ ਦਾ ਮੱਛੀ ਉਤਪਾਦਨ ਦੁਨੀਆਂ ਵਿਚੋਂ ਸਭ ਤੋਂ ਵੱਧ ਹੈ ਤੇ ਇਹ ਸੁਭਾਵਕ ਹੀ ਹੈ ਕਿ ਆਰਥਿਕ ਤੇ ਪੌਸ਼ਟਿਕ ਪਖਾਂ ਤੋਂ ਜਾਪਾਨੀ ਮੱਛੀ ਦੀ ਵਰਤੋਂ ਜ਼ਰੂਰ ਕਰਦੇ ਹਨ। ਇਹੋ ਨਹੀਂ ਆਮਿਖ (ਮਾਂਸਾਹਾਰੀ) ਤੇ ਨਿਰਾਮਿਖ-ਦੋਨੋਂ ਲੋਕ ਹੀ ਮੱਛੀ ਖਾਂਦੇ ਹਨ। ਮੇਰੀ ਮਾਂ ਨੇ ਮੇਰੇ ਬਚਪਨ ਵਿਚ ਇਕ ਦਿਨ

Sri Satguru Jagjit Singh Ji Elibrary NamdhariElibrary@gmail.com

ਧਾਰਮਿਕ ਸੰਕਲਪ ਕਾਰਨ ਪੰਜ ਚੀਜ਼ਾਂ (ਪਿਆਜ਼, ਲਸਣ ਤੇ ਮਾਸ ਆਦਿ) ਦਾ ਤਿਆਗ ਕੀਤਾ ਸੀ ਫਿਰ ਵੀ ਬਹੁਤ ਘਟ ਮਾਤਰਾ ਵਿਚ ਜਾਂ ਕਦੇ ਕਦੇ ਮੱਛੀ ਖਾਣ ਤੋਂ ਕੋਈ ਸੰਕੋਚ ਨਹੀਂ ਸੀ ਕਰਦੀ।

ਜਾਪਾਨੀ ਸਾਧੂ ਆਪਣੇ ਮੰਦਰਾਂ ਵਿਚ ਆਪ ਮਾਸ ਮੱਛੀ ਨਹੀਂ ਖਾਂਦ। ਹਾਂ ਕਿਸੇ ਗ੍ਰਿਸਤੀ ਦੇ ਸੱਦੇ ਹੋਏ ਜ਼ਰੂਰ ਖਾ ਲੈਂਦੇ ਹਨ ਕਿਉਂਕਿ ਜਾਪਾਨੀ ਮਾਸਾਹਾਰ ਵਿਚ ਮਛੀ ਦੀ ਥਾਂ ਨਹੀਂ। ਇਥੋਂ ਤਕ ਕਿ ਪੁਰਾਣੇ ਸਮੇਂ ਵਿਚ ਆਪਣੇ ਮੂਲ ਧਰਮ (ਸ਼ਿੰਤੋਧਰਮ) ਵਿਚ ਦੇਵੀ ਦੇਵਤੇ ਸਾਹਮਣੇ ਵੀ ਕੱਚੀ ਜਾਂ ਤਾਜ਼ੀ ਮੱਛੀ ਚੜ੍ਹਾਉਣ ਦਾ ਰਿਵਾਜ ਸੀ। ਜਿਵੇਂ ਜਾਪਾਨੀ ਜੀਵਨ ਦਾ ਮੱਛੀ ਜ਼ਰੂਰੀ ਅੰਗ ਹੈ ਤਿਵੇਂ ਹੀ ਚਾਵਲ ਤੋਂ ਬਣੀ ਹੋਈ ਜਾਪਾਨੀ ਦੇਸੀ ਸ਼ਰਾਬ, ਜਿਸ ਨੂੰ 'ਸਾਕੇ' ਕਹਿੰਦੇ ਹਨ, ਵੀ ਹੈ। ਜਾਪਾਨ ਵਿਚ ਸ਼ਰਾਬ ਪੀਣ ਨੂੰ ਕੋਈ ਬੁਰਾ ਨਹੀਂ ਮੰਨਦਾ ਸਗੋਂ ਚਾਹੇ ਸ਼ਾਂਤੀ, ਚਾਹੇ ਉਦਘਾਟਨ, ਚਾਹੇ ਦੇਹ ਸੰਸਕਾਰ ਹੋਵੇ ਜਾਪਾਨ ਦੇ ਸਭ ਤਰ੍ਹਾਂ ਦੇ ਪਰਬ ਤਿਉਹਾਰ ਬਿਨਾਂ ਸ਼ਰਾਬ ਦੇ ਸੰਪੂਰਨ ਹੀ ਨਹੀਂ ਹੁੰਦੇ। ਜਾਪਾਨ ਵਿਚ ਇਕ ਉਚਾ ਪਰਬਤ ਹੈ 'ਹਿਏਈ'। ਮਹਾਂਭਿਕਸ਼ੂ ਦੇਗਿਉ ਨੇ ਇਸ ਤੇ ਮੰਦਰ ਬਣਾ ਕੇ ਆਪਣੇ ਧਰਮ ਦੀ ਰਖਿਆ ਦੇ ਨਾਲੋ ਨਾਲ ਬੁਧ ਧਰਮ ਦਾ ਸਿਖਿਆ ਕੇਂਦਰ ਵੀ ਬਣਾਇਆ ਸੀ। ਅਜ ਵੀ ਇਸ ਉਚੇ ਪਹਾੜ ਦੀ ਸਰਦੀ ਇੰਨੀ ਹੈ ਕਿ ਭਿਕਸ਼ੂ ਸ਼ਰਾਬ ਪੀ ਕੇ ਹੀ ਸਾਧਨਾ ਕਰਦੇ ਹਨ। ਜੇ ਸ਼ਰਾਬ ਨਾ ਪੀਣ ਤਾਂ ਸ਼ਾਇਦ ਠੰਢ ਨਾਲ ਮਰ ਵੀ ਜਾਣ। ਪੁਰਾਤਨ ਕਾਲ ਤੋਂ ਜਾਪਾਨ ਨੂੰ "ਮਿਜ਼ਹੋ ਨੋ ਕੁਨਿ" ਕਹਿੰਦੇ ਹਨ ਜਿਸਦਾ ਭਾਵ ਹੈ 'ਸਮਰਿਧੀ ਤੇ ਧਨ ਸੰਪਨਤਾ ਦਾ ਦੇਸ'। ਜਿਵੇਂ ਪੁਰਾਤਨ ਲੋਕ ਦੇਵੀ ਦੇਵਤਾ ਸਾਹਮਣੇ 'ਯਾਮੋ ਨੋ ਮੋਨੋ' (ਪਰਬਤ ਤੋਂ ਮਿਲਣ ਵਾਲੇ ਵਖਰੇ ਵਖਰੇ ਪਦਾਰਥ) ਤੇ ਉਮਿ ਨੋ

Sri Satguru Jagjit Singh Ji Elibrary NamdhariElibrary@gmail.com

ਮੋਨੋ'' (ਸਮੁੰਦਰ ਤੋਂ ਪੈਦਾ ਹੋਣ ਵਾਲੇ ਖਾਣੇ ਵਾਲੇ ਪਦਾਰਥ) ਇਹ ਦੋਨੋਂ ਤਰ੍ਹਾਂ ਦੇ ਪਦਾਰਥ ਚੜ੍ਹਾ ਕੇ ਉਨ੍ਹਾਂ ਨੂੰ ਪ੍ਰਸੰਨ ਕਰਦੇ ਸਨ ਉਸੇ ਤਰ੍ਹਾਂ ਹੀ ਇਹ ਦੋਨੋਂ ਤਰ੍ਹਾਂ ਦੇ ਪਦਾਰਥ ਸਰਵੋਤਮ ਜਾਪਾਨੀ ਭੋਜਨ ਵਿਚ ਹੋਣੇ ਅਤਿਅੰਤ ਜ਼ਰੂਰੀ ਹੁੰਦੇ ਸਨ। ਅਸਲੀਅਤ ਤਾਂ ਇਹ ਹੈ ਕਿ ਚੌਲਾਂ ਨਾਲ ਮੱਛੀ ਖਾਣੀ ਤਾਂ ਸਵਾਦ ਲਗਦੀ ਹੈ ਪਰ ਦੁਧ ਨਾਲ ਨਹੀਂ। ਜਾਪਾਨੀਆਂ ਦਾ ਮੁਖ ਭੋਜਨ ਚੌਲ ਹੀ ਰਿਹਾ ਹੈ ਤੇ ਉਸ ਨਾਲ ਮੱਛੀ ਜ਼ਰੂਰ ਚਾਹੀਦੀ ਹੈ। ਦੁਧ ਦਾ ਇਤਹਾਸ ਜਾਪਾਨ ਵਿਚ ਬਹੁਤ ਨਵਾਂ ਹੈ।

ਦੁਧ ਪੀਣ ਦੀ ਆਦਤ ਪਹਿਲਾਂ ਬਹੁਤ ਘਟ ਹੁੰਦੀ ਸੀ ਪਰ ਅਜ ਯੂਰਪੀਨ ਸੰਸਕ੍ਰਿਤੀ ਨਾਲ ਹੌਲੀ ਹੌਲੀ ਪ੍ਰਚਾਰ ਹੋਇਆ ਤੇ ਜਾਪਾਨੀ ਸਰਕਾਰ ਚੌਲ-ਮੱਛੀ ਦੀ ਆਦਤ ਛਡ ਕੇ ਦੁਧ ਪੀਣ ਦੀ ਆਦਤ ਬਨਾਉਣ ਲਈ ਜਨਤਾ ਨੂੰ ਉਤਸ਼ਾਹਿਤ ਕਰ ਰਹੀ ਹੈ।

ਜਾਪਾਨ ਦੇ ਇਕ ਵਾਰਸ਼ਕ ਖੁਰਾਕ-ਵਿਵਰਣ ਵਿਚ ਦਸਿਆ ਗਿਆ ਹੈ ਕਿ ਪਹਾੜੀ ਇਲਾਕੇ ਜਿਥੇ ਵਖਰੇ ਵਖਰੇ ਤਰ੍ਹਾਂ ਦੇ ਅਨਾਜ (ਮੱਕਾ, ਜਵਾਰ, ਕਣਕ ਤੇ ਛੋਲੇ ਆਦਿ) ਖਾਧੇ ਜਾਂਦੇ ਹਨ ਉਥੋਂ ਦੇ ਲੋਕਾਂ ਦੀ ਉਮਰ ਲੰਬੀ ਹੁੰਦੀ ਹੈ ਤੇ ਸਮੁੰਦਰੀ ਕੰਢੇ, ਜਿਥੇ ਚੌਲ ਮੱਛੀ ਬੜੇ ਸ਼ੌਕ ਨਾਲ ਖਾਧਾ ਜਾਂਦਾ ਹੈ, ਤੇ ਰਹਿਣ ਵਾਲੇ ਲੋਕ ਛੋਟੀ ਉਮਰ ਭੋਗ ਕੇ ਹੀ ਚਲ ਵਸਦੇ ਹਨ। ਇਕ ਡਾਕਟਰ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਸਮੁੰਦਰੀ ਤਟ ਦੇ ਇਲਾਕੇ ਵਿਚ ਪੇਟ ਦਰਦ ਦੀ ਸ਼ਕਾਇਤ ਆਮ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਭਾਵੇਂ ਜਾਪਾਨ ਵਿਚ ਸ਼ੁਧ ਸ਼ਾਕਾਹਾਰੀ ਰਹਿਣਾ ਅਸੰਭਵ ਜਿਹਾ ਲੱਗਦਾ ਹੈ ਫਿਰ ਵੀ ਜਿਥੋਂ ਤਕ ਹੋ ਸਕੇ ਪੂਰਨ ਸ਼ਾਕਾਹਾਰੀ ਰਹਿਣਾ ਇਕ ਆਦਰਸ਼ ਮੰਨਿਆਂ ਜਾਂਦਾ ਹੈ। ਇਕ ਉਦਾਹਰਣ ਦੇਣੀ ਯੋਗ ਹੋਇਗੀ।

Sri Satguru Jagjit Singh Ji Elibrary NamdhariElibrary@gmail.com

ਜਾਪਾਨੀ ਬੁਧ ਧਰਮ ਦੇ ਤੇਂਦਾਈ ਸੰਪ੍ਰਦਾਇ ਦੇ ਇਕ ਵਿਦਵਾਨ ਭਿਕਸ਼ੂ, ਜਿਨ੍ਹਾਂ ਦਾ ਨਾਂ ਗਿਉਦੇਈ ਹੁਕੂਦਾ ਸੀ, ਬਚਪਨ ਤੋਂ ਹੀ ਬ੍ਰਹਮਚਾਰੀ ਆਸ਼੍ਰਮ ਵਿਚ ਰਹਿੰਦੇ ਹੋਏ ਅੰਤ ਤਕ ਦ੍ਰਿੜ੍ਹਤਾ ਨਾਲ ਸ਼ਾਕਾਹਾਰੀ ਰਹੇ। ਜਦੋਂ ੮੦ ਵਰ੍ਹੇ ਦੀ ਉਮਰ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ ਤਾਂ ਉਨ੍ਹਾਂ ਦੀ ਅੰਤਿਮ ਇਛਾ ਅਨੁਸਾਰ ਉਨ੍ਹਾਂ ਦੀ ਲਾਸ਼ ਟੋਕੀਓ ਵਿਸ਼ਵ ਵਿਦਿਆਲੇ ਦੇ ਚਕਿਤਸਾ ਵਿਭਾਗ ਵਿਚ ਭੇਜੀ ਗਈ ਜਿਥੇ ਉਸੇ ਸਮੇਂ ਹੀ ਉਨ੍ਹਾਂ ਦੇ ਸਰੀਰ ਦੀ ਚੀਰ ਫਾੜ ਕੀਤੀ ਗਈ। ਸਿਟੇ ਵਜੋਂ ਉਨ੍ਹਾਂ ਦੇ ਸਰੀਰ ਵਿਚੋਂ ਕਿਸੇ ਵੀ ਬੀਮਾਰੀ ਦਾ ਕੋਈ ਲਛਣ ਨਹੀਂ ਮਲੂਮ ਹੋਇਆ ਜਿਸ ਗੱਲ ਤੋਂ ਡਾਕਟਰ ਵੀ ਦੰਗ ਰਹਿ ਗਏ। ਉਨ੍ਹਾਂ ਦੇ ਚੇਲਿਆਂ ਤੋਂ ਪੁਛਿਆ ਗਿਆ ਕਿ ਉਨ੍ਹਾਂ ਦਾ ਜੀਵਨ ਕਿਵੇਂ ਬਤੀਤ ਹੋਇਆ। ਉਨ੍ਹਾਂ ਦੇ ਇਕ ਚੇਲੇ ਨੇ ਇਹ ਉਤਰ ਦਿਤਾ ਕਿ "ਉਹ ਬਚਪਨ ਤੋਂ ਹੀ ਕਟੜ ਬ੍ਰਹਮਚਾਰੀ ਸਨ ਤੇ ਜਿਥੋਂ ਤਕ ਮੈਨੂੰ ਪਤਾ ਹੈ, ਉਨ੍ਹਾਂ ਨੇ ਕਦੇ ਵੀ ਮਾਂਸ, ਮਛੀ ਦੀ ਵਰਤੋਂ ਨਹੀਂ ਸੀ ਕੀਤੀ।"

ਸ਼ਾਕਾਹਾਰੀ ਜਾਂ ਮਾਂਸਾਹਾਰੀ ਹੋਣਾ, ਇਹ ਸਬੰਧਤ ਦੇਸ ਦੇ ਵਾਤਾਵਰਣ ਤੇ ਅਰਥ ਤੇ ਮਨੁਖ ਦੀ ਨਿਜੀ ਇਛਾ ਤੇ ਨਿਰਭਰ ਹੈ। ਫਿਰ ਵੀ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਜੇ ਸ਼ੁਧ ਰੂਪ ਵਿਚ ਸ਼ਾਕਾਹਾਰੀ ਰਹੇ ਤਾਂ ਇਸ ਤਰ੍ਹਾਂ ਹੀ ਪਵਿਤਰ ਸਰੀਰ ਹੋ ਸਕਦਾ ਹੈ। ਕੁਛ ਅਹਿੰਸਾਵਾਦੀ ਜਾਪਾਨੀ ਪ੍ਰਚਾਰਕ ਇਹ ਕੋਸ਼ਸ਼ ਕਰ ਰਹੇ ਹਨ ਕਿ ਮਾਂਸਾਹਾਰ ਤਿਆਗਿਆ ਜਾਵੇ। ਪਰ ਜਿਥੋਂ ਤੱਕ ਮੇਰਾ ਖਿਆਲ ਹੈ ਮਾਂਸਾਹਾਰੀ ਤਾਂ ਉਨ੍ਹਾਂ ਨੂੰ ਕਹਿ ਸਕਦੇ ਹਾਂ ਜੋ ਮੁਖ ਤੌਰ ਤੇ ਜਾਂ ਵਧ ਤੋਂ ਵਧ ਮਾਤਰਾ ਵਿਚ ਮਾਂਸ ਖਾਂਦੇ ਹਨ ਜਿਵੇਂ ਯੂਰਪੀਨ ਲੋਕ। ਇਸ ਦ੍ਰਿਸ਼ਟੀ ਤੋਂ ਜਾਪਾਨ ਦੇ ਸ਼ਾਕਾਹਾਰੀਆਂ ਤੇ ਮਾਂਸਾਹਾਰੀਆਂ ਵਿਚ ਸ਼ਾਇਦ ਬਹੁਤਾ ਫਰਕ ਨਾ ਹੋਵੇ।

Sri Satguru Jagjit Singh Ji Elibrary NamdhariElibrary@gmail.com

ਜਾਪਾਨੀ ਲੋਕ ਹਰ ਰੋਜ਼ ਹੀ ਮਾਸ ਨਹੀਂ ਖਾਂਦੇ ਕਿਉਂਕਿ ਇਹ ਜ਼ਰੂਰੀ ਨਹੀਂ ਕਿ ਮਾਸ ਬਿਨਾਂ ਜੀਉਣਾ ਕਠਨ ਹੈ। ਫਿਰ ਵੀ ਸ਼ਹਿਰੀ ਲੋਕ ਮਾਸ ਖਾਣ ਵਿਚ ਇੰਨੀ ਕੁ ਮਰਯਾਦਾ ਜ਼ਰੂਰ ਰਖਦੇ ਹਨ ਕਿ ਮਾਸ ਦੇ ਅਸਰ ਨਾਲ ਕੁਛ ਨੁਕਸਾਨ ਨਾ ਹੋ ਜਾਇ। ਫਿਰ ਵੀ ਪੇਂਡੂ ਲੋਕ ਅਜ ਵੀ, ਅਵਸਥਾ ਅਧੀਨ, ਸ਼ਾਕਾਹਾਰੀ ਹੀ ਰਹਿੰਦੇ ਹਨ। ਆਮ ਤੌਰ ਤੇ ਇਹ ਕਹਿਣਾ ਉਚਿਤ ਹੋਇਗਾ ਕਿ ਜਾਪਾਨੀ ਲੋਕ ਸਰਬਭੱਖੀ ਹਨ ਅਰਥਾਤ ਥੋੜ੍ਹਾ ਥੋੜ੍ਹਾ ਸਭ ਕੁਛ ਖਾ ਜਾਣ ਵਾਲੇ।

ਮੈਨੂੰ ਮਾਤ ਭੂਮੀ ਤੋਂ ਦੂਰ ਰਹਿ ਕੇ ਆਪਣੇ ਦੇਸ ਨੂੰ ਠੀਕ ਰੂਪ ਵਿਚ ਦੇਖਣ ਦਾ ਅਕਸਰ ਮੌਕਾ ਮਿਲਿਆ। ਜਾਂ ਕਹੋ ਕਿ ਸੁਦੇਸ਼ ਦੀ ਭਲਾਈ ਬੁਰਾਈ ਦੇਖਣ ਦਾ ਸਮਾਂ ਲਗਾ ਹੈ। ਮੈਂ ਦੇਖਿਆ ਹੈ ਕਿ ਜਾਪਾਨੀ ਲੋਕ ਬਿਨਾਂ ਕਿਸੇ ਕਾਰਣ, ਬਿਨਾਂ ਸਮਝੇ ਬੂਝੇ ਜੀਵ ਜੰਤੂ ਮਾਰਨ ਦੀ ਜ਼ਰਾ ਵੀ ਪਰਵਾਹ ਨਹੀਂ ਕਰਦੇ। ਪਰ ਦੂਜੇ ਪਾਸੇ ਅਜਿਹੀ ਸੂਖਮ ਹਮਦਰਦੀ ਵੀ ਰਖਦੇ ਹਨ ਕਿ ਕਿਸੇ ਪਗਡੰਡੀ ਵਿਚ ਉਗੇ ਕਿਸੇ ਜੰਗਲੀ ਫੁਲ ਨੂੰ ਵੀ ਕੁਚਲਣਾ ਨਹੀਂ ਚਾਹੁੰਦੇ। ਉਹ ਸਮਝਦੇ ਹਨ ਕਿ ਬਨਸਪਤੀ ਸਾਡੀ ਮਾਂ ਹੈ। ਜਾਪਾਨੀਆਂ ਦੀ ਅਹਿੰਸਾ ਦ੍ਰਿਸ਼ਟੀ ਤੇ ਮਰਯਾਦਾ ਇਹ ਹੈ ਜੋ ਮਨੁਖ ਦੇ ਸੰਸਕ੍ਰਿਤਕ ਜੀਵਨ ਲਈ ਹਾਨੀਕਾਰਕ ਹੈ ਉਸਨੂੰ ਖਤਮ ਕਰਨਾ ਚਾਹੀਦਾ ਹੈ ਕਿਤੇ ਜੋ ਲਾਭਦਾਇਕ ਹੈ ਉਸਨੂੰ ਵਿਕਸਿਤ ਕਰਨਾ ਹੀ ਚੰਗਾ ਹੈ। ਜਾਪਾਨ ਵਿਚ ਵਿਚ ਇਕ ਕਹਾਵਤ ਹੈ 'ਇਸਤਸੂ ਤਾਸ਼ੋ' ਜਿਸਦਾ ਅਰਥ ਹੈ ਇਕ ਨੂੰ ਮਾਰ ਕੇ ਬਹੁਤਿਆਂ ਨੂੰ ਜਿਉਂਦੇ ਰਖਣਾ। ਉਹ ਮੰਨਦੇ ਹਨ ਕਿ ਬਹੁਤਿਆਂ ਨੂੰ ਜਿਉਂਦੇ ਰੱਖਣ ਲਈ ਅਸੀਂ ਇਕ ਨੂੰ ਮਾਰਾਂਗੇ ਪਰ ਮੇਰਾ ਖਿਆਲ ਹੈ ਕਿ ਭਾਰਤੀ ਆਦਰਸ਼ ਅਨੁਸਾਰ ਇਹ ਬੜੀ ਭੁਲ ਹੋਇਗੀ। 'ਮਾਰਨਾ ਚਾਹਾਂਗੇ ਜਾਂ ਨਹੀਂ' ਤੇ ਮਾਰਨਾ ਚਾਹੀਦੇ ਜਾਂ ਨਹੀਂ' ਇਨ੍ਹਾਂ ਵਿਚਾਰਾਂ ਤੋਂ ਪਹਿਲਾਂ ਸਾਨੂੰ

ਇਹ ਸੋਚਣਾ ਪਏਗਾ ਕਿ ਮਾਰਨ ਦੀ ਲੋੜ ਵੀ ਹੈ ਕਿ ਨਹੀਂ ? ਹਰ ਇਕ ਛੋਟੇ ਤੋਂ ਛੋਟੇ ਜੀਵ ਜੰਤੂ ਵਿਚ ਵੀ ਪ੍ਰਾਣ ਹਨ ਤੇ ਜਿਥੇ ਆਤਮਾ ਹੈ ਉਥੇ ਦੁਖ ਦਰਦ ਜ਼ਰੂਰ ਹੈ। ਛੋਟੇ ਛੋਟੇ ਪਾਪ ਵੀ ਬਹੁਤੀ ਮਾਤਰਾ ਵਿਚ ਇਕੱਠੇ ਹੋ ਜਾਣ ਤਾਂ ਇਕ ਵਡਾ ਪਾਪ ਬਣ ਜਾਇਗਾ। ਜੇ ਅਸੀਂ ਛੋਟਾ ਜਿਹਾ ਜੀਵ ਮਾਰਨ ਦੀ ਜ਼ਰਾ ਪਰਵਾਹ ਨਾ ਕਰਾਂਗੇ ਤਾਂ ਉਹ ਪਾਪ ਸਾਨੂੰ ਭੋਗਣਾ ਹੀ ਪਇਗਾ।

ਤੁਸੀਂ ਜਾਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਦੁਖਦਾਈ ਐਟਮ ਬੰਬ ਦੇ ਸਿਟੇ ਦੇਖ ਚੁਕੇ ਹੋ। ਜੰਗ ਤੋਂ ਨਫਰਤ ਕਰਦੇ ਜਾਪਾਨੀ ਲੋਕ ਅਮਨ ਦੇ ਰਸਤੇ ਤੇ ਚਲ ਰਹੇ ਹਨ। ਇਸ ਮਹਾਨ ਹਿੰਸਾ ਦੀ ਚਰਚਾ ਨੂੰ ਛਡ ਕੇ ਛੋਟੇ ਛੋਟੇ ਹਿੰਸਾਤਮਕ ਝਗੜਿਆਂ ਵਿਚਜਾਣਾ ਜਾਪਾਨੀ ਵਿਅਰਥ ਸਮਝਦੇ ਹਨ। ਉਹ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਮਨੁਖ ਰਾਹੀਂ ਮਨੁਖ ਹਤਿਆ ਹੀ ਸਭ ਤੋਂ ਵਡੀ ਹਿੰਸਾ ਹੈ। ਜਦ ਅਸੀਂ ਮਹਾਨ ਸਮੱਸਿਆ ਦਾ ਸਾਹਮਣਾ ਕਰਨਾ ਹੈ ਤਾਂ ਛੋਟੀਆਂ ਛੋਟੀਆਂ ਗੱਲਾਂ ਸਾਨੂੰ ਛਡਣੀਆਂ ਹੀ ਪੈਣਗੀਆਂ। ਹਾਂ, ਕੁਛ ਵਿਚਾਰਵਾਨਾਂ ਦਾ ਮਤ ਹੈ ਕਿ ਜੀਵ ਜੰਤੂ ਦੇ ਜੀਵਾਣੂ ਤੇ ਦਇਆ ਕਰਨ ਵਾਲੇ ਮਨੁਖ ਦੁਨੀਆਂ ਵਿਚ ਜਿੰਨੇ ਵਧਣਗੇ ਉਨਾਂ ਹੀ ਵਿਸ਼ਵ ਤੇ ਮਾਨਵ ਦਾ ਭਲਾ ਹੋਇਗਾ। ਸ਼ਾਂਤੀ ਦਾ ਆਧਾਰ ਤਾਂ ਅਹਿੰਸਾ ਹੀ ਹੋ ਸਕਦਾ ਹੈ। ਜੇ ਪ੍ਰਾਣੀਮਾਤ੍ਰ ਨੂੰ ਬਚਾਉਣਾ ਚੰਗਾ ਲਗਦਾ ਹੈ ਤਾਂ ਕਰੋੜਾਂ ਦੀ ਗਿਣਤੀ ਵਾਲੀ ਜਨਤਾ ਨੂੰ ਨਸ਼ਟ ਕਰਨ ਵਾਲੇ ਜੁਧ ਨੂੰ ਰੋਕਣਾ ਕਿੰਨਾ ਚੰਗਾ ਲਗੇਗਾ ! ਜੁਧ ਵਿਰੋਧ ਹੀ ਸਭ ਤੋਂ ਅਸਲੀ ਹੈ ਪਰ ਅਜ ਵਿਸ਼ਵ ਵਿਚ ਉਸ ਦੇ ਵਿਰੁਧ ਹਰ ਜਗ੍ਹਾ ਠੰਢਾ ਤੇ ਗਰਮ ਜੁਧ ਚੱਲ ਹੀ ਰਿਹਾ ਹੈ ਜਿਸ ਨੂੰ ਅਜ ਤਕ ਕੋਈ ਰੋਕ ਨਹੀਂ ਸਕਿਆ। ਇਸ ਦ੍ਰਿਸ਼ਟੀ ਤੋਂ ਜਦ ਤਕ ਮਨੁਖੀ ਮਨ ਸ਼ਾਂਤੀ ਨਾ ਚਾਹੇਗਾ ਤੇ ਆਪਣੀ ਇਛਾ ਨੂੰ ਘਟਾਇਗਾ ਨਾ ਤਦ ਤਕ ਵਿਸ਼ਵ ਅਮਨ ਦੀ ਕਲਪਣਾ

Sri Satguru Jagjit Singh Ji Elibrary NamdhariElibrary@gmail.com

ਸਾਕਾਰ ਨਹੀਂ ਹੋ ਸਕਦੀ।

ਭਗਵਾਨ ਬੁਧ ਨੇ ਆਪਣੇ ਮਹਾਨ ਉਦੇਸ਼ ਸਤ ਧਰਮ ਦੇ ਪ੍ਰਚਾਰ ਲਈ ਬੜੀ ਉਦਾਰਤਾ ਦਾ ਵਿਵਹਾਰ ਕੀਤਾ ਤੇ ਨਿਰਵਾਣ (ਮੁਕਤੀ) ਲਈ ਸਾਧਨ ਤੇ ਯਮ ਨਿਯਮ ਨੂੰ ਕਠੋਰ ਨਾ ਰਖਿਆ। ਜੇ ਭਗਵਾਨ ਬੁਧ ਖਾਣ ਪੀਣ ਵਿਚ ਪ੍ਰਹੇਜ਼-ਮਨਾ ਹੀ ਰਖਦੇ ਤਾਂ ਬੁਧ ਧਰਮ ਦਾ ਅਜ ਇੰਨਾਂ ਵਿਸ਼ਾਲ ਪ੍ਰਚਾਰ ਨਹੀਂ ਸੀ ਹੋ ਸਕਦਾ। ਅਜ "ਜੁਧ ਜਾਂ ਬੁਧ ?" ਦਾ ਸਮਾਂ ਹੈ। ਜੇ ਅਸੀਂ ਸੱਚੇ ਸ਼ਾਂਤੀ-ਮਾਰਗ ਤੇ ਚੱਲਣਾ ਹੈ ਤਾਂ ਇਕ ਪਾਸੇ ਮਹਾਂਵੀਰ ਸੁਆਮੀ ਦੀ ਸੂਖਮ ਤੋਂ ਸੂਖਮ ਹਿੰਸਾ ਦ੍ਰਿਸ਼ਟੀ ਨੂੰ ਪ੍ਰਮਾਣ ਪੱਤਰ ਤੇ ਰਖਣਾ ਚਾਹੀਦਾ ਹੈ ਤੇ ਦੂਜੇ ਪਾਸੇ ਬੁਧ ਜੀ ਦੀ ਸਿਖਿਆ ਦਾ ਪਾਲਣ ਕਰਦੇ ਹੋਏ ਮਹਾਨ ਉਦੇਸ਼ ਲਈ ਜੀਊਣਾ ਚਾਹੀਦਾ ਹੈ।

("ਵਿਸ਼ਵ ਜਿਉਤੀ" ਚੋਂ ਧਨਵਾਦ ਸਹਿਤ)

ਪਤਾ ਨਹੀਂ ਇਸ ਦੁਨੀਆਂ ਅੰਦਰ,ਜੀਵਨ ਕੇ ਦਿਹਾੜੇ ?
ਜੀਭ ਸੁਆਦੇ ਖਾਤਰ ਕਾਹਨੂੰ,ਮਾਰ ਮੁਕਾਈਏ ਮਾੜੇ।
ਪਾਕੇ ਸਾਂਝਾਂ ਸਭ ਸਿਉਂ ਸੱਜਣਾਂ,ਕੱਟ ਲਈਏ ਜ਼ਿੰਦਗਾਨੀ।
ਅਮਨ ਵਧਾਵਣ ਸਭ ਸਨੇਹੀ, ਨ ਚੱਲਣ ਦੰਦ-ਕੁਹਾੜੇ।

–ਸ.ਸ.ਸਨੇਹੀ

# ਪਾਪ ! ਨਿਰਾ ਪਾਪ !!

ਪ੍ਰੋ: ਗੁਰਦੇਵ ਸਿੰਘ ਚੱਗਰ ਫਗਵਾੜਾ

ਇਨਸਾਨੀਅਤ ਦਾ ਮੁਢਲਾ ਅਸੂਲ ਹੈ "ਆਪ ਜੀਉ ਤੇ ਦੂਜਿਆਂ ਨੂੰ ਜੀਉਣ ਦਿਉ"। ਅੱਜ ਦੁਨੀਆਂ ਵਿਚ ਨਜ਼ਰ ਮਾਰੀਏ, ਗਹੁ ਨਾਲ ਤੱਕੀਏ ਤੇ ਭਾਲ ਕਰੀਏ ਉਨ੍ਹਾਂ ਵਿਅਕਤੀਆਂ ਦੀ ਜੋ ਇਨਸਾਨੀਅਤ ਦੇ ਇਸ ਮੁਢਲੇ ਅਸੂਲ ਨੂੰ ਮੰਨਦੇ ਹਨ ਤਾਂ ਬਹੁਤ ਘੱਟ ਗਿਣਤੀ ਵਿਚ ਮਿਲਣਗੇ।

ਕਹਿਣ ਤੇ ਕਰਨ ਵਿਚ ਉਨਾਂ ਹੀ ਫਰਕ ਹੈ ਜਿਨਾਂ ਸੁਪਨੇ ਵਿਚ ਉਡਣ ਵਿਚ। ਅੱਜ ਦੁਨੀਆਂ ਵਿਚ ਹਰ ਪਾਸੇ ਜਿਧਰ ਵੀ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਮਾਰਕਸ ਵਾਦ ਦਾ ਪਰਚਾਰ ਹੋ ਰਿਹਾ ਹੈ ਤੇ ਆਖਿਆ ਜਾਂਦਾ ਹੈ ਕਿ ਮਾਰਕਸ ਵਾਦ ਦਾ ਮੁਢਲਾ ਅਸੂਲ "ਆਪ ਜੀਉ ਤੇ ਦੂਜਿਆਂ ਨੂੰ ਜੀਉਣ ਦਿਉ"ਹੈ। ਕਿੰਨਾਉੱਚਾ ਨਿਸ਼ਾਨਾ ਹੈ, ਕਿੰਨੀ ਉਚੀ ਭਾਵਨਾ ਹੈ ਜੋ ਅਸਲ ਵਿਚ ਬੰਦੇ ਨੂੰ ਬੰਦਗੀ ਵਲ ਪ੍ਰੇਰਦੀ ਹੈ। ਜੋ ਇਸ ਪਵਿੱਤਰ ਭਾਵਨਾ ਵਿਚ ਵਿਸ਼ਵਾਸ ਰੱਖਦੇ ਹਨ, ਉਨ੍ਹਾਂ ਨੂੰ ਮਾਰਕਸਵਾਦ ਦਾ ਅਸੂਲ ਸੁਣਦਿਆਂ ਖੁਸ਼ੀ ਹੁੰਦੀ ਹੈ ਤੇ ਖੁਸ਼ੀ ਵੀ ਏਨੀ ਜਿੰਨੀ ਮਾਰੂਥਲਾਂ ਵਿਚ ਪਾਣੀ ਦੀ ਭਾਲ ਵਿਚ ਭਟਕਦੇ ਨੂੰ ਰੱਜਕੇ ਪੀਣ ਜੋਗੇ ਪਾਣੀ ਮਿਲਣ ਤੇ ਹੁੰਦੀ ਹੈ। ਕਿਸੇ ਨੂੰ ਵੀ ਪੁੱਛੀਏ ਕਿ ਕੀ ਉਹ "ਆਪ ਜੀਉ ਤੇ ਦੂਜਿਆਂ ਨੂੰ ਜੀਉਣ ਦਿਉ" ਵਿਚ ਵਿਸ਼ਵਾਸ ਰੱਖਦਾ ਹੈ ਤਾਂ ਉੱਤਰ ਦ੍ਰਿੜ੍ਹਤਾ ਭਰੀ ਹਾਂ ਵਿਚ ਹੀ ਹੁੰਦਾ ਹੈ, ਉੱਤਰ ਸੁਣਦਿਆਂ ਰੂਹ ਖੁਸ਼ੀ ਵਿਚ ਖਿੜ ਜਾਂਦੀ ਹੈ ਪਰ ਅਫਸੋਸ ਤੇ ਦੁਖ ਖੁਸ਼ੀ ਨਾਲੋਂ ਵੀ ਕਈ ਗੁਣਾ ਵੱਧ ਉਦੋਂ ਹੁੰਦਾ ਹੈ ਜਦੋਂ ਇਸ ਪਵਿੱਤ੍ਰਤਾ ਭਰੇ ਅਸੂਲ ਦੇ ਪਰਚਾਰਕਾਂ ਨੂੰ ਮਾਸ ਖੋਰੇ ਜੀਵਾਂ ਵਾਂਗ ਹੱਡੀਆਂ ਚਰੂੰਡਦੇ ਵੇਖੀਦਾ ਹੈ।

ਮਾਸ ਖਾਣ ਵਾਲੇ ਬੰਦਿਆਂ ਤੋਂ ਜੇ ਪੁੱਛ ਲਈਏ, ਭਾਈ ਮਾਸ ਖਾਣਾ ਤਾਂ ਪਾਪ ਹੈ, ਤੁਸੀਂ ਮਾਸ ਕਿਉਂ ਖਾਂਦੇ ਹੋ ਤਾਂ ਦ੍ਰਿੜ੍ਹਤਾ

Sri Satguru Jagjit Singh Ji Elibrary NamdhariElibrary@gmail.com

ਭਰਿਆ ਉੱਤਰ ਹੁੰਦਾ ਹੈ "ਅਸੀਂ ਆਪ ਮਾਰਕੇ ਤਾਂ ਨਹੀਂ ਖਾਂਦੇ, ਬਜ਼ਾਰੋਂ ਲੈ ਆਉਂਦੇ ਹਾਂ ਕਿਸੇ ਦਾ ਮਾਰਿਆ ਤੇ ਬਣਾਕੇ ਛਕ ਛਕਾ ਲਈਦਾ ਹੈ। ਆਪ ਮਾਰਨਾ ਹੀ ਪਾਪ ਹੈ ਤੇ ਨਾਲੇ ਦਸਮ ਪਾਤਸ਼ਾਹ ਨੇ ਤਾਂ ਮਹਾਂ ਪ੍ਰਸ਼ਾਦ ਦਾ ਰੁਤਬਾ ਦਿਤਾ ਹੈ ਇਸ ਪਦਾਰਥ ਨੂੰ।" ਜਾਂ ਫਿਰ "ਕੁਦਰਤ ਨੇ ਦੁਨਿਆਵੀ ਪਦਾਰਥ ਬੰਦੇ ਵਾਸਤੇ ਹੀ ਤਾਂ ਬਣਾਏ ਹਨ। ਮਾਸ ਵੀ ਤਾਂ ਪਦਾਰਥ ਹੈ, ਆਂਡਾ ਹੈ, ਪਾਣੀ ਦੀ ਉਪਜ ਮੱਛੀ ਹੈ, ਕਿੱਡੀ ਸੋਹਣੀ ਤੋਰੀ ਵਰਗੀ ਬਣਾਈ ਹੈ ਭਗਵਾਨ ਨੇ, ਮੱਛੀ ਕਾਹਦੀ ਹੈ ਜਲ ਤੋਰੀ ਹੈ।"ਉਪਰੋਕਤ ਉੱਤਰ ਸੁਣਦਿਆਂ ਲੂੰ ਕੰਡੇ ਹੋ ਜਾਂਦੇ ਹਨ, ਅਗਿਆਨਤਾ ਤੇ ਤਰਸ ਆਉਂਦਾ ਹੈ ਤੇ ਹੱਥ ਜੁੜਦੇ ਹਨ ਅਕਾਲ ਪੁਰਅ ਦੇ ਪਵਿਤਰ ਚਰਨਾਂ ਵਿਚ ਕਿ ਹੇ ਪ੍ਰਭੂ ਇਨ੍ਹਾਂ ਖਰੜ ਗਿਆਨੀਆਂ ਨੂੰ ਸੁਮੱਤ ਬਖਸ਼। ਕਿੱਡੀ ਅਸਚਰਜਤਾ ਦੀ ਗਲ ਹੈ ਕਿ ਜੀਭ ਰਸੀਆਂ ਨੇ ਭੀਂਡੀ ਤੋਰੀ ਤੇ ਘੀਆ ਤੋਰੀ ਵਾਂਗ ਮੱਛੀ ਨੂੰ ਜਲ ਤੋਰੀ ਸਮਝ ਲਿਆ ਹੈ। ਘਿਉ ਦੁਧ ਵਰਗੇ ਪਦਾਰਥਾਂ ਵਾਂਗ ਮੱਛੀ ਤੇ ਆਂਡੇ ਨੂੰ ਵੀ ਪਦਾਰਥ ਆਖਦੇ ਹਨ। ਆਂਡੇ ਨੂੰ ਬੇਜਾਨ ਸਮਝਕੇ ਖਾ ਲੈਣਾ ਬੁਰਾ ਨਹੀਂ ਸਮਝਦੇ ਜੋ ਅਸਲ ਵਿਚ ਗਰਭਵਤੀ ਦੇ ਗਰਭ ਤੇ ਸੱਟ ਮਾਰਨ ਨਾਲੋਂ ਕਿਸੇ ਗੱਲੇ ਘੱਟ ਨਹੀਂ। ਦਸਮ ਪਾਤਸ਼ਾਹ ਦੀ ਜ਼ਬਾਨੀ ਮੁਰਦੇ ਨੂੰ ਮਹਾਂ ਪ੍ਰਸ਼ਾਦ ਕਹਾਉਣ ਵਾਲਿਉ, ਗੁਰਮੱਤ ਅਨੁਸਾਰ ਭੱਖ ਅਭੱਖ ਨੂੰ ਪਦਾਰਥ ਆਖਣ ਵਾਲਿਉ, ਸ੍ਰੀ ਗਰੰਥ ਸਾਹਿਬ ਦੀ ਪਵਿਤਰ ਬਾਣੀ ਨੂੰ ਗੁਰੂ ਮੰਨਣ ਵਾਲਿਉ ਸੁਣੋ ਜਪੁਜੀ ਦੀਆਂ ਤੁਕਾਂ ਤਾਂ ਕਹਿੰਦੀਆਂ ਹਨ—

ਅਸੰਖ ਗਲ ਵੱਢ ਹੱਤਿਆ ਕਮਾਹਿ।
ਅਸੰਖ ਪਾਪੀ ਪਾਪੁ ਕਰਿ ਜਾਹਿ।
ਅਸੰਖ ਕੂੜਿਆਰ ਕੂੜੇ ਫਿਰਾਹਿ।
ਅਸੰਖ ਮਲੇਛ ਮਲੁ ਭਖਿ ਖਾਹਿ॥

Sri Satguru Jagjit Singh Ji Elibrary NamdhariElibrary@gmail.com

ਜੀਭ ਦਿਉ ਗੁਲਾਮੋ, ਤੁਸੀਂ ਆਪ ਤਾਂ ਕੂੜ ਬੋਲਦੇ ਹੋ ਤੇ ਆਪਣੇ ਕੂੜ ਨੂੰ ਛੁਪਾਉਣ ਵਾਸਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਆਪਣੇ ਨਾਲ ਟਾਂਕ ਕੇ ਉਸ ਮਹਾਨ ਹਸਤੀ ਦੀ ਜ਼ਬਾਨੀਂ ਮੁਰਦੇ ਮਾਸ ਨੂੰ ਮਹਾਂ ਪ੍ਰਸ਼ਾਦ ਕਹਾਉਂਦੇ ਹੋ, ਆਪ ਅਪਰਾਧੀ ਹੋ ਤੇ ਗੰਦੇ ਟੋਭੇ ਵਿਚ ਡਿਗਦੇ ਹੋ ਤੇ ਕਿਉਂ ਘੜੀਸਦੇ ਹੋ ਉਸ ਮਹਾਨ ਹਸਤੀ ਨੂੰਗੰਦਗੀ ਵਲ ?ਸਮਝੋ !ਕੁਝ ਹੋਸ਼ ਕਰੋ।ਤੁਹਾਡੀ ਹੀ ਨੀਵੀਂ ਵਿਚਾਰ ਦੇ ਕਾਰਨ ਸਿੱਖ ਇਤਹਾਸ ਨੀਵਾਂ ਹੋ ਰਿਹਾ ਹੈ। ਦਸਮ ਜੀ ਦੀ ਪੰਜ ਪਿਆਰੇ ਸਾਜਨ ਦੀ ਅਦੁੱਤੀ ਕਰਾਮਾਤ ਨੂੰ ਤੁਸੀਂ ਝੂਠਿਆਂ ਕਰਦੇ ਹੋ. ਬੱਕਰੇ ਵੱਢੇ ਦੱਸਕੇ ਪੰਜਾਂ ਪਿਆਰਿਆਂ ਨੂੰ ਤੇ ਦਸਮ ਪਾਪਸ਼ਾਹ ਜੀ ਨੂੰ ਹੀਣਾ ਕਰਦੇ ਹੋ ਜਿਸ ਅਨੁਸਾਰ ਕਥਨੀ ਤੇ ਕਰਨੀ ਦੇ ਪੂਰੇ ਨੂੰ ਪੂਰਾ ਨਹੀਂ ਰਹਿਣ ਦਿੰਦੇ ਸਗੋਂ ਨਿਰਾ ਝੂਠਾ ਤੇ ਪਖੰਡੀ ਦਰਸਾਉਂਦੇ ਹੋ ! ਸੰਭਲੋ, ਜ਼ਰਾ ਆਪਣੇ ਆਪ ਨੂੰ ਪਛਾਣੋਂ ਤੇ ਆਪਣੇ ਪਿਛੋਕੜ ਦੀ ਪਵਿੱਤ੍ਰਤਾ ਤੇ ਪਾਣੀ ਨਾ ਫੇਰੋ, ਚਿੱਕੜ ਨਾ ਸੁੱਟੋ। ਸਿਖ ਧਰਮ ਦੁਨੀਆਂ ਭਰ ਵਿਚ ਸਤਿਕਾਰਿਆ ਹੋਇਆਤੇ ਪੂਰਨ ਧਰਮ ਮੰਨਿਆਂ ਜਾਂਦਾ ਹੈ, ਤੁਸੀਂ ਪਵਿਤਰ ਧਰਮ ਨੂੰ ਆਪਣੇ ਵਿਚ ਨਿੱਜੀ ਤੌਰ ਤੇ ਆਈ ਗਿਰਾਵਟ ਨਾਲ ਜੋੜਕੇਮਲੀਅਮੇਟ ਨਾ ਕਰੋ।ਸਾਰੇ ਦਿਨ ਦਾ ਭੁਲਿਆ ਜੇ ਰਾਤੀਂ ਘਰ ਆਜਾਵੇ ਉਸਨੂੰ ਭੁਲਿਆ ਨਹੀਂ ਆਖੀਦਾ, ਹੁਣ ਭੀ ਸੰਭਲ ਜਾਉ ਤਾਂ ਵੀ ਕੁਝ ਨਹੀਂ ਵਿਗੜਿਆ।

ਆਂਡੇ ਭੰਨ ਭੰਨ ਪੀਣ ਵਾਲਿਉ,ਕੁੱਕੜ,ਬੱਕਰਾ,ਮੱਛੀ ਆਦਿ ਖਾਣ ਵਾਲੇ ਜੀਭ ਰਸੀਉ ! ਤੁਸੀਂ ਕਸਾਈ ਨਾਲੋਂ ਕਿਸੇ ਗੱਲੇ ਪਾਪ ਦੇ ਘੱਟ ਭਾਗੀ ਨਹੀਂ, ਕਿਉਂਕਿ ਤੁਹਾਡੀ ਮੰਗ ਪੂਰੀ ਕਰਨ ਵਾਸਤੇ ਕਸਾਈ ਕੁੱਕੜ ਤੇ ਬੱਕਰੇ ਆਦਿ ਵੱਢਦਾ ਹੈ ਤੇ ਪਾਪ ਕਰਦਾ ਹੈ। ਜੇ ਤੁਹਾਡੇ ਵਲੋਂ ਮੁਰਦਾ ਕੁੱਕੜ ਅਤੇ ਬੱਕਰੇ ਆਦਿ ਦੀ ਮੰਗ ਨਾ ਹੋਵੇ ਤਾਂ ਕਸਾਈ ਆਪਣਾ ਪਾਪੀ ਕਿੱਤਾ ਤਿਆਗ ਕੇ ਕਿਸੇ ਹੋਰ ਕੰਮ

ਦੀ ਭਾਲ ਕਰੇ, ਪਾਪ ਕਰਨੋਂ ਹਟ ਜਾਵੇ ਤੇ ਇਨ ਾਨ ਬਣੇ।

"ਆਪ ਤਾਂ ਡੁਬਿਓਂ ਬਾਹਮਣਾਂ ਜਜਮਾਨ ਵੀ ਨਾਲੇ" ਦੀ ਅਖਾਣ ਅਨੁਸਾਰ ਮਾਸ ਖਾਣ ਵਾਲੇ ਆਪ ਤਾਂ ਪਾਪ ਕਰਦੇ ਹਨ ਤੇ ਨਾਲ ਦੂਜਿਆਂ ਨੂੰ ਕਸਾਈ ਬਣਨ ਵਲ ਪਰੇਰ ਕੇ ਆਪਣੀ ਪਾਪ ਬੇੜੀ ਨੂੰ ਏਨਾ ਭਰਦੇ ਜਾਂਦੇ ਹਨ ਜੋ ਅੰਤ ਡੁਬੇਗੀ ਨਾ ਤਾਂ ਹੋਰ ਕੀ ਹੋਵੇਗਾ ?

ਇਹ ਆਖਿਆ ਜਾਂਦਾ ਹੈ ਕਿ ਮਾਸ ਖਾਣ ਵਾਲਾ ਬਹਾਦਰ ਬਣਦਾਹੈ, ਉਹਦਾ ਹੌਸਲਾ ਵਧਦਾ ਹੈ।ਪਰ ਇਹਨਾਂ ਮਨਮੁਖੀ ਜੀਭ ਰਸੀਆਂ ਤੋਂ ਪੁਛਿਆ ਜਾਵੇ ਕਿ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਵਰਿਆਮ ਸਿੰਘ ਜੀ, ਬਾਬਾ ਫੂਲਾ ਸਿੰਘ ਜੀ ਤੇ ਅਨੇਕਾਂ ਹੋਰ ਸ਼ਹੀਦ ਜਿਨ੍ਹਾਂ ਦੀ ਬਹਾਦਰੀ ਦੀਆਂ ਸਿਖਰਾਂ ਨੂੰ ਹੋਰ ਕੋਈ ਛੋਹ ਨਹੀਂ ਸਕਿਆ ਤੇ ਜੋ ਦੁਨੀਆਂ ਵਿਚ ਬੇ ਮਿਸਾਲ ਸਮਝੇ ਜਾਂਦੇ ਹਨ, ਕਿੰਨਾ ਕੁ ਮਾਸ ਖਾਂਦੇ ਸਨ।ਹਰ ਕੋਈ ਇਹਨਾਂ ਹਸਤੀਆਂ ਨੂੰ ਤੇ ਹੋਰ ਪ੍ਰਸਿੱਧ ਸ਼ਹੀਦਾਂ ਨੂੰ ਮਾਂਸਾਹਾਰੀ ਸਾਬਤ ਕਰਨ ਵਿਚ ਅਸਮਰੱਥ ਹੋਵੇਗਾ।

"ਜੈਸਾ ਅੰਨ ਤੈਸਾ ਮਨ" ਇਕ ਅਟੱਲ ਸਚਾਈ ਹੈ। ਕਸਾਈਆਂ ਦੇ ਹਥਾਂ ਵਿਚ ਨੱਪਿਆ ਹੋਇਆ ਕੁੱਕੜ ਜਾਂ ਬੱਕਰਾ ਆਪਣੀ ਗਰਦਨ ਵਲ ਆ ਰਹੀ ਚਮਕਦੀ ਤਲਵਾਰ ਵਲ ਦੇਖ ਕੇ ਸਹਿਕਦਾ ਹੋਵੇਗਾ ਕਿ ਬਹਾਦਰੀ ਦੀਆਂ ਡੀਂਗਾਂ ਮਾਰਦਾ ਹੋਵੇਗਾ। ਆਪਣੀ ਅਣਸੋਚੀ ਹੋ ਰਹੀ ਮੌਤ ਦੇਖ ਕੇ ਹਰ ਕੋਈ, ਜਿਸ ਦੀ ਖੋਪਰੀ ਕਾਇਮ ਹੈ, ਆਖੇਗਾ ਕਿ ਠੀਕ ਹੀ ਡਰਦਾ ਹੋਵੇਗਾ। ਜਾਨਵਰ ਜ਼ਾਲਮ ਦੇ ਹਥਾਂ ਵਿਚ ਫੜਿਆ ਵਿਲਕਦਾ ਹੋਵੇਗਾ ਆਪਣੀ ਬੇਵਸੀ ਦੇਖ ਕੇ ਤਾਂ ਫਿਰ ਦੱਸੋ ਪਿਆਰੇ ਖ਼ਾਲਸਾ ਜੀ ! ਸਹਿਮੇ ਹੋਏ ਡਰਾਕਲ ਜਾਨਵਰ ਦਾ ਮਾਸ ਖਾ ਕੇ ਤੁਸੀਂ

ਬਹਾਦਰ ਹੋਵੇਗੇ ਕਿ ਡਰਾਕਲ ? ਸਿੱਟੇ ਵਜੋਂ ਇਹ ਗੱਲ ਨਿਰਮੂਲ ਹੋਵੇਗੀ ਕਿ ਮਾਸ ਖਾਣ ਨਾਲ ਆਦਮੀ ਬਹਾਦਰ ਬਣਦਾ ਹੈ। ਸਿਖ ਸਿਧਾਂਤ ਇਹ ਨਹੀਂ ਕਹਿੰਦਾ ਕਿ ਨਿਹੱਥੇ ਤੇ ਵਾਰ ਕਰੇ, ਸਗੋਂ ਇਹ ਕਹਿੰਦਾ ਹੈ ਕਿ ਕਿਸੇ ਤੇ ਪਹਿਲਾ ਵਾਰ ਨਾ ਕਰੋ ਤੇ ਜੇ ਵਾਰ ਦਾ ਜਵਾਬ ਦੇਣਾ ਪਵੇ ਤਾਂ ਦੁਸ਼ਮਣ ਨੂੰ ਵੰਗਾਰੋ ਤਾਂ ਜੋ ਤੁਹਾਡਾ ਵਾਰ ਸੰਭਾਲਣ ਲਈ ਵੈਰੀ ਤਕੜਾ ਹੋ ਜਾਵੇ ਤੇ ਬਹਾਦਰੀ ਦੀ ਮੌਤੇ ਮਰੇ। ਬੱਕਰਾ ਤੇ ਕੁੱਕੜ ਆਦਿ ਨੇ ਪਹਿਲਾਂ ਕੀ ਵਾਰ ਕਰਨਾ ਤੇ ਪਿਛੋਂ ਕੀ ? ਪਰ ਖਾਲਸਾ ਜੀ ਵੰਗਾਰਨ ਵਲੋਂ ਢਿੱਲ ਨਹੀਂ ਕਰਦੇ। ਬੱਕਰੇ ਨੂੰ ਚੰਗੀ ਤਰ੍ਹਾਂ ਬੰਨ੍ਹ ਲੈਂਦੇ ਹਨ ਜਾਂ ਕੁਕੜ ਨੂੰ ਦਬਾ ਕੇ ਫੜ ਲੈਂਦੇ ਹਨ ਤੇ ਫੇਰ ਵੰਗਾਰਦੇ ਹਨ "ਬੋਲੇ ਸੋ ਨਿਹਾਲ,ਸਤਿ ਸ੍ਰੀ ਅਕਾਲ" ਕਹਿਕੇ ਐਸਾ ਵਾਰ ਕਰਨਾ ਕਿ ਸਿਰ ਧੜ ਨਾਲੋਂ ਵਖਰਾ ਹੋ ਜਾਂਦਾ ਹੈ। ਵਾਹ ਪਿਆਰੇ ਖਾਲਸਾ ਜੀ ! ਇਹ ਕਿਹੜੇ ਗੁਰੂ ਦੇ ਹੁਕਮ ਅਨੁਸਾਰ ਬੇਗੁਨਾਹਾਂ ਤੇ ਜ਼ੁਲਮ ਕਰਦੇ ਹੋ ? ਜੇ 'ਜ਼ੁਲਮ' ਅੱਖਰ ਚੁਭਦਾ ਹੋਵੇ ਤਾਂ ਪਹਿਲਾਂ ਬਿਨਾਂ ਕਿਸੇ ਕਸੂਰ ਦੇ ਜਾਂ ਦੱਸਣ ਤੋਂ ਆਪਣੇ ਮਾਂ, ਪਿਉ, ਭੈਣਾਂ, ਭਰਾ, ਧੀਆਂ, ਪੁੱਤਰਾਂ ਨੂੰ ਵੱਢ ਕੇ ਦੇਖੋ, ਤੁਹਾਡੀ ਕਰਤੂਤ ਦੇਖਕੇ ਹਰ ਕੋਈ ਆਖੇਗਾ ਕਿ ਤੁਹਾਡੇ ਦਿਮਾਗ ਵਿਚ ਨੁਕਸ ਹੈ। ਜੇ ਉਸ ਵੇਲੇ ਦੇ ਕਥਨ ਅਨੁਸਾਰ ਪਾਗਲ ਕਹਾਉਣਾ ਠੀਕ ਹੈ ਤੇ ਬੇ ਗੁਨਾਹ ਜਾਨਵਰਾਂ ਤੇ ਵਾਰ ਕਰਨਾ ਵੀ ਪਾਗਲਪਨ ਤੋਂ ਘਟ ਨਹੀਂ। ਹੋ ਸਕਦਾ ਹੈ ਭਾਈ ਗੁਰਦਾਸ ਜੀ ਨੂੰ ਐਸੇ ਮੌਕੇ ਤੇ ਹੀ ਸੋਚ ਪਈ ਹੋਵੇ ਕਿ–

"ਮਾਸ ਖਾਨ ਗਲ ਵਢਕੇ ਹਾਲ ਤਿਨਾੜਾ ਕਉਣ ਹੋਵੱਸੀ।"

ਤੇ ਕਬੀਰ ਜੀ ਨੇ ਪੁਛਿਆ ਹੋਵੇਗਾ–

"ਕਬੀਰ ਜੋਰੀ ਕੀਏ ਜ਼ੁਲਮ ਹੈ ਕਹਿਤਾ ਨਾਉ ਹਲਾਲ ॥
ਦਫਤਰ ਲੇਖਾ ਮਾਗੀਐ ਤਬ ਹੋਇਗੋ ਕਉਨੁ ਹਵਾਲ" ॥

Sri Satguru Jagjit Singh Ji Elibrary NamdhariElibrary@gmail.com

ਅਜ ਕਿਸੇ ਗ਼ਰੀਬ ਦਾ ਘਰ ਕੋਈ ਧਾੜਵੀ ਲੁਟ ਰਿਹਾ ਹੋਵੇ ਗਰੀਬ ਦੀ ਪੁਕਾਰ ਸੁਣਕੇ ਕੋਈ ਗੁਆਂਢੀ ਬਾਹਰ ਨਹੀਂ ਨਿਕਲਦਾ ਕਿ ਧਾੜਵੀ ਉਸ ਨੂੰ ਵੀ ਕਿਤੇ ਨੁਕਸਾਨ ਨਾ ਪਹੁੰਚਾਵੇ। ਉਸ ਗਰੀਬ ਦੀ ਮਦੱਦ ਕਰਨ ਵਾਸਤੇ ਧਾੜਵੀ ਦਾ ਮੁਕਾਬਲਾ ਕਰਨਾ ਪੁੰਨ ਤੇ ਬਹਾਦਰੀ ਦਾ ਕੰਮ ਹੈ ਉਹ ਕੋਈ ਵੀ ਨਹੀਂ ਕਰੇਗਾ ਇਥੋਂ ਤਕ ਕਿ ਸ਼ਾਮ ਨੂੰ ਕਸਾਈ ਦੀ ਦੁਕਾਨੋਂ ਮਾਸ ਖਰੀਦ ਕੇ ਖਾਂਦੇ ਹਨ ਪਰ ਰਾਤ ਨੂੰ ਚੂਹਿਆਂ ਦੇ ਖੜਾਕ ਨੂੰ ਚੋਰ ਦਾ ਖੜਾਕ ਸਮਝਕੇ ਕਬੂਤਰ ਵਾਂਗ ਅੱਖਾਂ ਮੀਟ ਲੈਂਦੇ ਹਨ। ਬੱਦਕਿਸਮਤੀ ਨਾਲ ਜੇ ਕਿਧਰੇ ਕੋਈ ਚੋਰ ਹੀ ਆ ਵੜੇ ਤਾਂ ਸਾਰੇ ਸਾਮਾਨ ਦਾ ਸਫਾਇਆ ਕਰ ਜਾਵੇ। ਪਰ ਇਨ੍ਹਾਂ ਮਾਸ ਖੋਰੇ ਬਹਾਦਰਾਂ ਦੀ ਬਹਾਦਰੀ ਨਿਰੀ ਕਹਿਣ ਵਿਚ ਹੀ ਹੈ ਅਮਲ ਵਿਚ ਨਹੀਂ।

ਜਜਮਾਨਾਂ ਦੀ ਕੁੜੀ ਮੰਗਣ ਗਿਆ ਪਰੋਹਤ ਗੁਆਂਢੀਆਂ ਕੋਲੋਂ ਉਨ੍ਹਾਂ ਦੇ ਗੁਆਂਢੀ ਦੇ ਮੁੰਡੇ ਦੀ ਸਿਫਤ ਪੁੱਛਦਾ ਹੈ ਕਿ ਮੁੰਡੇ ਨੂੰ ਕੋਈ ਐਬ ਤਾਂ ਨਹੀਂ ਤਾਂ ਅਗੋਂ ਉੱਤਰ ਮਿਲਦਾ ਹੈ ਕਾਕੇ ਨੂੰ ਐਬ ਕੋਈ ਨਹੀਂ ਸਿਰਫ ਕਦੀ ਕਦੀ ਮਾਸ ਹੀ ਖਾਂਦਾ ਹੈ, ਮਾਸ ਉਦੋਂ ਖਾਂਦਾ ਹੈ ਜਦੋਂ ਸ਼ਰਾਬ ਪੀਣੀ ਹੋਵੇ,ਸ਼ਰਾਬ ਉਦੋਂ ਪੀਂਦਾ ਹੈ ਜਦੋਂ ਜੂਆ ਖੇਲਕੇ ਜਿੱਤੇ ਤੇ ਜੂਆ ਉਦੋਂ ਖੇਲਦਾ ਹੈ ਜਦੋਂ ਚੋਰੀ ਦਾ ਮਾਲ ਹੱਥ ਆ ਜਾਵੇ। ਕਾਕਾ ਬੜਾ ਸੋਹਣਾ ਹੈ ਤੇ ਪਰੋਹਤ ਜੀ ਰਿਸ਼ਤਾ ਕਰਨ ਦੀ ਗੱਲ ਕਰੋ ਐਬ ਕੋਈ ਨਹੀਂ" ਪਰੋਹਤ ਵਿਚਾਰਾ ਸੋਚੀਂ ਪੈ ਜਾਂਦਾ ਹੈ ਕਿ ਮੁੰਡਾ ਮਾਸ ਖਾਂਦਾ ਹੈ, ਸ਼ਰਾਬ ਪੀਂਦਾ ਹੈ, ਜੂਆ ਖੇਲਦਾ ਹੈ, ਚੋਰੀ ਕਰਦਾ ਹੈ ਪਰ ਕੀ ਇਹ ਸਾਰੇ ਪੁੰਨ ਹੀ ਹਨ, ਪਾਪ ਨਹੀਂ ? ਕਾਕੇ ਦੇ ਗੁਆਂਢੀ ਦਾ ਧੰਨਵਾਦ ਕਰਦਾ ਪਰੋਹਤ ਵਾਪਸ ਪਰਤ ਆਉਂਦਾ ਹੈ ਕਿਉਂਕਿ ਜੋ ਸਿਫਤਾਂ ਕਾਕੇ ਦੀਆਂ ਸੁਣਦਾ ਹੈ ਅਸਲ ਵਿਚ ਸਭ ਐਬ ਹੀ ਹਨ ਜਿਨ੍ਹਾਂ ਦੇ

ਕਾਰਨ ਨਿਰੀ ਖੁਆਰੀ ਹੀ ਪੱਲੇ ਪੈਂਦੀ ਹੈ। ਗੁਰੂ ਨਾਨਕ ਜੀ ਫ਼ਰਮਾਉਂਦੇ ਹਨ–

ਬਾਬਾ ਹੋਰੁ ਖਾਣਾ ਖੁਸੀ ਖੁਆਰੁ ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ ॥

ਅਜਕਲ ਮਾਸ ਖਾਣ ਦੇ ਪੱਖੀ ਆਮ ਮਿਲਦੇ ਹਨ ਤੇ ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਹਿੰਸਕ ਰੁਚੀ ਵਧ ਗਈ ਹੈ। ਆਪਸ ਵਿਚ ਛੋਟੇ ਛੋਟੇ ਝਗੜਿਆਂ ਪਿਛੇ ਇਕ ਦੂਜੇ ਦਾ ਸਿਰ ਵੱਢਣ ਤਕ ਪਹੁੰਚਦੇ ਹਨ। ਪਿਆਰ ਤਾਂ ਖੰਭ ਲਾ ਕੇ ਉਡ ਗਿਆ ਜਾਪਦਾ ਹੈ। ਜਿਧਰ ਦੇਖੋ ਮਤਲਬ ਪ੍ਰਸਤੀ, ਵਿਸ਼ਵਾਸ ਘਾਤ, ਅਨਿਆਂ ਤੇ ਹਿੰਸਾ ਆਦਿ ਦੇ ਡੇਰੇ ਹੀ ਨਜ਼ਰ ਪੈਂਦੇ ਹਨ। ਦੁਨੀਆਂ ਵਿਚ ਤੀਜੀ ਵਡੀ ਜੰਗ ਦਾ ਡਰ ਲੋਕਾਂ ਨੂੰ ਲਕੜੀ ਦੇ ਘੁਣ ਵਾਂਗ ਖਾਈ ਜਾਂਦਾ ਹੈ। ਜੇ 'ਆਪ ਜੀਉ ਤੇ ਦੂਜਿਆਂ ਨੂੰ ਜੀਊਣ ਦਿਓ" ਦੇ ਸਹੀ ਪੈਰੋਕਾਰ ਮਿਲ ਜਾਂਦੇ ਤਾਂ ਚੌਹੀਂ ਪਾਸੀਂ ਨਫ਼ਰਤ ਹੀ ਨਫ਼ਰਤ ਨਜ਼ਰ ਨਾ ਪੈਂਦੀ ਸਗੋਂ ਇਕ ਦੂਜੇ ਦਾ ਗਲ ਚਟਦੇ। ਜਿਵੇਂ ਕਬਜ਼ ਨੂੰ ਸਭ ਸ੍ਰੀਰਕ ਰੋਗਾਂ ਦੀ ਨਾਨੀ ਆਖਿਆ ਜਾਂਦਾ ਹੈ ਤਿਵੇਂ ਹੀ ਮਾਸ ਖਾਣਾ ਸਭ ਵਿਕਾਰਾਂ ਦੀ ਜੜ੍ਹ ਹੈ ਤੇ ਏਸੇ ਤੋਂ ਹੀ ਹੋਰ ਵੀ ਘਿਰਣਾ ਯੋਗ ਸਿਟੇ ਨਿਕਲਦੇ ਹਨ।

ਮੈਂ ਅਠਵੀਂ ਸ਼੍ਰੇਣੀ ਦਾ ਵਿਦਿਆਰਥੀ ਸੀ, ਮਾਸਟਰ ਗੌਰੀ ਸ਼ੰਕਰ ਜੀ ਨੇ, ਜਿਨ੍ਹਾਂ ਦਾ ਮੈਂ ਸਦਾ ਹੀ ਸਤਿਕਾਰ ਕਰਦਾ ਹਾਂ, ਮੇਰੀ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਚਾਰ ਹਿਸਿਆਂ ਵਿਚ ਵੰਡਿਆ। ਪਹਿਲੇ ਉਹ ਜੋ ਮਾਸ ਖਾਂਦੇ ਸਨ, ਦੂਜੇ ਜੋ ਮਾਸ ਨਹੀਂ ਸਨ ਖਾਂਦੇ, ਤੀਜੇ–ਗਊ ਦਾ ਦੁਧ ਪੀਣ ਵਾਲੇ ਤੇ ਚੌਥੇ–ਮੱਝ ਦਾ ਦੁਧ ਪੀਣ ਵਾਲੇ। ਨਤੀਜਾ ਇਹ ਨਿਕਲਿਆ ਕਿ ਜੋ ਗਊ

Sri Satguru Jagjit Singh Ji Elibrary NamdhariElibrary@gmail.com

ਦਾ ਦੁਧ ਪੀਂਦੇ ਤੇ ਵੈਸ਼ਨਵ ਸਨ ਉਹ ਸਭ ਤੋਂ ਵੱਧ ਹੁਸ਼ਿਆਰ ਸਨ, ਉਸ ਤੋਂ ਘੱਟ ਮਾਝਾ ਦੁਧ ਪੀਣ ਵਾਲੇ ਪਰ ਵੈਸ਼ਨਵ ਪਰ ਜੋ ਭਾਵੇਂ ਗਊ ਦਾ ਦੁਧ ਪੀਂਦੇ ਤੇ ਭਾਵੇਂ ਮੱਝ ਦਾ ਪਰ ਮਾਸ ਖਾਂਦੇ ਸਨ ਉਹ ਵਿਦਿਆਰਥੀ ਦਿਮਾਗੀ ਤੌਰ ਤੇ ਬਿਲਕੁਲ ਨਖਿਧ ਸਨ।

ਡੇਢ ਕੁ ਸਾਲ ਦੀ ਗੱਲ ਹੈ ਹੌਸਟਨ ਯੂਨੀਵਰਸਟੀ (ਅਮਰੀਕਾ, ਦੇ ਡਾਕਟਰ ਹੇਲ (Hale) ਨਾਲ ਕੁਝ ਵਿਚਾਰ ਵਟਾਂਦਰਾ ਕਰਨ ਦਾ ਸਮਾਂ ਮਿਲਿਆ। ਡਾਕਟਰ ਹੇਲ ਦੇ ਸ਼ਰੀਰ ਤੇ ਦਾਗ ਪਏ ਹੋਏ ਸਨ । ਇਨ੍ਹਾਂ ਦਾਗਾਂ ਦਾ ਕਾਰਨ ਪੁੱਛਣ ਤੇ ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਦੇ ਦੇਸ਼ ਵਿਚ ਬਹੁ ਸੰਮਤੀ ਮਾਸ ਖਾਣ ਵਾਲਿਆਂ ਦੀ ਹੈ । ਭਾਵੇਂ ਡਾਕਟਰਾਂ ਵਲੋਂ ਕਿੰਨੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਲੋਕਾਂ ਨੂੰ ਰੋਗ-ਰਹਿਤ ਮਾਸ ਮਿਲੇ ਪਰ ਫੇਰ ਵੀ ਉਹ ਪੂਰਨ ਤੌਰ ਤੇ ਸਫਲ ਨਹੀਂ ਹੁੰਦੇ। ਫਲਸਰੂਪ ਜੋ ਰੋਗ ਡੰਗਰਾਂ ਨੂੰ ਹੁੰਦੇ ਹਨ ਉਹ ਮੁਰਦਾ ਡੰਗਰ ਦੇ ਮਾਸ ਰਾਹੀਂ ਉਨ੍ਹਾਂ ਬੰਦਿਆਂ ਤੇ ਵੀ ਅਸਰ ਕਰਦੇ ਹਨ ਜੋ ਮਾਸ ਖਾਂਦੇ ਹਨ। ਇਸ ਲਈ ਆਮ ਲੋਕਾਂ ਨੂੰ ਚਮੜੀ ਦੇ ਰੋਗਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਤੇ ਬਹੁਤਿਆਂ ਦੇ ਸਰੀਰ ਤੇ ਦਾਗ ਪੈ ਜਾਂਦੇ ਹਨ।

ਅਵੈਸ਼ਨਵ ਲੋਕ ਭਾਵੇਂ ਕਿੰਨੀ ਵੀ ਦੰਦਾਂ ਦੀ ਸਫਾਈ ਰੱਖਣ ਫੇਰ ਵੀ ਉਨ੍ਹਾਂ ਦੇ ਦੰਦ ਬਹੁਤ ਛੇਤੀ ਖਰਾਬ ਹੋ ਜਾਂਦੇ ਹਨ। ਦੰਦਾਂ ਦੀਆਂ ਬੀਮਾਰੀਆਂ ਖੁਰਾਕ ਤੇ ਆਪਣਾ ਅਸਰ ਪਾਕੇ ਖੁਰਾਕ ਦੇ ਚੰਗੇ ਅਸਰ ਨੂੰ ਭੈੜੇ ਵਿਚ ਬਦਲ ਦਿੰਦੀਆਂ ਹਨ ਤੇ ਏਸੇ ਦੇ ਕਾਰਨ ਹੋਰ ਅਨੇਕਾਂ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ । ਦੁਖ ਭੋਗਣਾ ਪੈਂਦਾ ਹੈ, ਇਲਾਜ ਤੇ ਪੈਸਾ ਖਰਚ ਹੁੰਦਾ ਹੈ ਤੇ ਹੋਰ ਵੀ ਕਈ ਭੈੜੇ ਅਸਰ ਹੁੰਦੇ ਹਨ ਤੇ ਇਹ ਸਭ ਕੁਝ ਕਿਉਂ ਹੁੰਦਾ ਹੈ ? ਸਿਰਫ ਮਾਸ ਖਾਣ ਨਾਲ।

Sri Satguru Jagjit Singh Ji Elibrary NamdhariElibrary@gmail.com

ਉਪਰੋਕਤ ਗੱਲਾਂ ਤੋਂ ਬਿਨਾਂ ਹੋਰ ਵੀ ਬਥੇਰੇ ਨੁਕਸਾਨ ਹੁੰਦੇ ਹੋਣਗੇ ਮਾਸ ਖਾਣ ਨਾਲ, ਪਰ ਜੇ ਇਹ ਵੀ ਸਮਝ ਲਿਆ ਜਾਵੇ ਕਿ ਮਾਸ ਖਾਣ ਨਾਲ ਬੀਮਾਰੀਆਂ ਪੈਦਾ ਹੁੰਦੀਆਂ ਹਨ, ਦਿਮਾਗੀ ਤੌਰ ਤੇ ਨਖਿਧ ਸਾਬਤ ਹੋਈਦਾ ਹੈ ਤੇ ਗੁਰਬਾਣੀ ਅਨੁਸਾਰ ਪਾਪ ਦੇ ਭਾਗੀ ਵੀ ਬਣੀਦਾ ਹੈ ਤਾਂ ਫੇਰ ਪਰਮ ਪੁਰਖ ਦੀ ਪ੍ਰਾਪਤੀ ਦੀ ਆਸ ਨਿਰੀ ਭੁਲ ਹੀ ਨਹੀਂ ਤਾਂ ਹੋਰ ਕੀ ਹੈ ? ਕਿਉਂਕਿ

ਗੁਰਪੀਰ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ ॥

ਜੇ ਮੁਰਦਾਰ ਖਾਣ ਵਾਲੇ ਦੀ ਕੋਈ ਹਾਮੀ ਭਰਦਾ ਹੈ ਤਾਂ ਗੁਰਬਾਣੀ ਦੇ ਅਧਾਰ ਤੇ ਗੁਰਪੀਰ ਨਹੀਂ ਹੋ ਸਕਦਾ, ਗੁਰਬਾਣੀ ਤਾਂ ਥਾਂ ਥਾਂ ਮੱਤਾਂ ਦਿੰਦੀ ਹੈ—

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ ॥

ਜਉ ਸਭ ਮਹਿ ਏਕੁ ਖੁਦਾਇ,

ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥

ਅੱਜ ਕਈ ਪ੍ਰਚਾਰਕ ਕਹਿੰਦੇ ਹਨ "ਜੋ ਮਰਜ਼ੀ ਕਰੋ, ਜੋ ਮਰਜ਼ੀ ਖਾਉ, ਜਪੁ ਤਪੁ ਦੀ ਕੋਈ ਲੋੜ ਨਹੀਂ ਨਿਰੰਕਾਰ ਵਿਚ ਵਿਸ਼ਵਾਸ ਰਖੋ ਉਸਦੀ ਪ੍ਰਾਪਤੀ ਹੋ ਜਾਵੇਗੀ" ਕਿੱਡੇ ਭੁਲੇਖੇ ਵਾਲੀ ਗੱਲ ਹੈ। ਅਸਲ ਵਿਚ ਸਭ ਜੀਵਾਂ ਤੇ ਦਇਆ ਕਰਨੀ ਅਕਾਲ ਪੁਰਖ ਦੀ ਪ੍ਰਾਪਤੀ ਵਲ ਉਡਾਰੀ ਮਾਰ ਕੇ ਪਹੁੰਚਣ ਦੇ ਬਰਾਬਰ ਹੈ, ਜਿਵੇਂ—

"ਮਨਿ ਸੰਤੋਖ ਸਰਬ ਜੀਅ ਦਇਆ ॥

ਇਨ ਬਿਧਿ ਬਰਤ ਸੰਪੂਰਨ ਭਇਆ ॥"

ਤੇ ਜੀਵਾਂ ਤੇ ਦਇਆ ਕਰਨੀ ਅਠਾਹਠਾਂ ਤੀਰਥਾਂ ਦੇ ਫਲ ਦੇ ਬਰਾਬਰ ਹੈ, ਜਿਵੇਂ—

Sri Satguru Jagjit Singh Ji Elibrary NamdhariElibrary@gmail.com

"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥"

ਮੁੜ ਪਹਿਲੀ ਗੱਲ ਤੇ ਆਈਏ "ਆਪ ਜੀਉ ਦੂਜਿਆਂ ਨੂੰ ਜੀਊਣ ਦਿਉ।" ਜੇ ਕਿਸੇ ਤੇ ਵੀ ਹੱਥ ਚੁਕਣਾ ਹੋਵੇ ਤਾਂ ਪਹਿਲਾਂ ਉਸਦੀ ਥਾਂ ਤੇ ਆਪਣੇ ਆਪ ਨੂੰ ਸਮਝ ਕੇ ਦੇਖੀਏ ਕਿ ਸਾਨੂੰ ਕਿੰਨਾ ਦੁਖ ਹੋਵੇਗਾ ਤਾਂ ਫਿਰ ਸਭ ਝਗੜੇ ਮੁੱਕ ਜਾਣ।

"ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ" ਨੂੰ ਵੀ ਸਮਝ ਲਈਏ ਤਾਂ ਵੀ ਦੁਨੀਆਂ ਵਿਚੋਂ ਪਾਪ ਮਿਟ ਜਾਣ, ਮੁਲਕਾਂ ਦੇ ਝਗੜੇ ਮੁੱਕ ਜਾਣ, ਮਜਹਬਾਂ ਦੇ ਝਗੜੇ ਤੇ ਨਸਲੀ ਵਿਤਕਰੇ ਮੁੱਕ ਜਾਣ, ਬੰਦਾ ਕੀ ਤੇ ਜਾਨਵਰ ਕੀ, ਸਭ ਸੁਖੀ ਵਸਣ, ਪ੍ਰਕਿਰਤੀ ਵਿੱਚ ਪਿਆਰ ਹੀ ਪਿਆਰ ਨਜ਼ਰ ਆਵੇ ਤੇ ਇਹ ਕਿਸ ਜੁਗ ਦੀਆਂ ਨਿਸ਼ਾਨੀਆਂ ਹਨ–ਸਤਿਜੁਗ ਦੀਆਂ। ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ–

"ਜੀਵਤ ਮਰੈ ਤਾਂ ਸਭ ਕਿਛੁ ਸੂਝੈ ਅੰਤਰ ਜਾਣੈ ਸਰਬ ਦਇਆ ॥
ਨਾਨਕ ਤਾਕਉ ਮਿਲੈ ਵਡਾਈ ਆਪ ਪਛਾਣੈ ਸਰਬ ਜੀਆ" ॥

Sri Satguru Jagjit Singh Ji Elibrary NamdhariElibrary@gmail.com

# ਮਾਂਸਾਹਾਰ ਕਿਉ ?

ਸ੍ਰੀ ਦਲੀਪ ਸਿੰਘ ਨਾਮਧਾਰੀ
ਜਮਨਾ ਨਗਰ (ਅੰਬਾਲਾ)

"ਵਰਸ਼ੇ ਵਰਸ਼ੇ ਅਸ੍ਵਮੇਧੇਣ ਯੋਯਜੇਤਿ ਸ਼ਤ ਸਮਾ:।
ਮਾਂਸਾਨਿ ਨ ਖਾਦੇਰ ਦਯਸ਼ਤੋ:ਪੁੰਨਯੋ ਫਲੇ ਸਮਮ ॥"

[ਮੰਨੂ ਸਿਮ੍ਰਿਤੀ ਅ:੫ ਸ: ੫੩੦]

ਅਰਥਾਤ ਜੋ ਸੌ ਵਾਰ੍ਹਿਆਂ ਤਕ ਅਸ੍ਵਮੇਧ ਕਰਾਂਦਾ ਹੈ ਅਤੇ ਜੋ ਜਨਮ ਭਰ ਮਾਸ ਨੂੰ ਖਾਂਦਾ ਨਹੀਂ ਇਨ੍ਹਾਂ ਦੋਹਾਂ ਦੇ ਪੁੰਨ ਦਾ ਸੁਰਗਾਦ ਫਲ ਇਕ ਬਰਾਬਰ ਹੈ। ਤੇ ਹੋਰ "ਅਠਸਠ ਤੀਰਥ ਸਗਲ ਪੁੰਨ ਜੀਅ ਦਇਆ ਪ੍ਰਵਾਨ ।" ਭਾਵ ਇਹ ਕਿ ਅਠਾਹਠ ਤੀਰਥਾਂ ਦੇ ਦੇ ਪੁੰਨਾਂ ਦਾ ਫਲ ਕੇਵਲ ਜੀਵ ਉਤੇ ਦਯਾ ਕਰਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ।

ਇਹ ਹੀ ਨਹੀਂ ਸਗੋਂ—

"ਅਹਿੰਸਾ ਭੂਤਾਨਾਂ ਜਗਤਿ ਵਿਦਿਤੰ ਬ੍ਰਹਮ ਪਰਮੰ।
ਸ੍ਰ: ਸਤੋ ਅਤੇ "ਅਹਿੰਸਾ ਪਰਮੋ ਧਰਮਾਂ।"

ਇਨ੍ਹਾਂ ਸਲੋਕਾਂ ਤੋਂ ਪ੍ਰਗਟ ਹੁੰਦਾ ਹੈ ਕਿ ਅਹਿੰਸਾ ਹੀ ਪਰਮ ਬ੍ਰਹਮ ਹੈ ਤੇ ਅਹਿੰਸਾਂ ਹੀ ਪਰਮ ਧਰਮ ਹੈ। ਸੋ ਹੇ ਮਾਨੁਖ ਜੇ ਤੂੰ ਏਥੇ ਵੀ ਸੁਖ ਤੇ ਸ਼ਾਂਤੀ ਚਾਹੁੰਦਾ ਹੈ ਅਤੇ ਅਗੇ ਵੀ "ਲੋਕ ਸੁਖੀ ਪਰਲੋਕ ਸੁਹੇਲੇ" ਵਾਲੀ ਗਲ ਚਾਹੁੰਦਾ ਹੈਂ ਤਾਂ ਤੇਨੂੰ ਅਧਪਕੇ,ਰਸ ਰਹਿਤ,ਦੁਰਗੰਧ ਯੁਕਤ, ਬੇਹੇ, ਜੂਠੇ ਤਥਾ ਅਪਵਿਤ੍ਰ ਭੋਜਨ (ਮਾਸ ਆਦਿ), ਜੋ ਕਿ ਚੰਡਾਲਾਂ ਤੇ ਰਾਖਸ਼ਾਂ ਆਦਿ ਦਾ ਖਾਣਾ ਹੈ, ਨੂੰ ਤਿਆਗਣਾ ਪਵੇਗਾ। ਯਥਾ:—

Sri Satguru Jagjit Singh Ji Elibrary NamdhariElibrary@gmail.com

"ਯਾਤਯਾਮੰ, ਗਤ ਰਸੰ ਪੂਤਿ ਪਰਯੁਸ਼ਿਤੰ ਚਾਯਤ।
ਉਚਿਸ਼ੱਪਿ, ਚਾਮੇਧਯੰ, ਭੋਜਨੰ, ਤਾਮਸ ਪ੍ਰਿਯੰ"

(ਸ੍ਰੀ ਭਗਵਤ ਗੀਤਾ)

ਪਰ ਸਿਖ ਧਰਮ ਵਿਚ ਇਹ ਆਮ ਪ੍ਰਚੱਲਤ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਝਟਕਾ ਮਾਸ ਖਾਣ ਦਾ ਹੁਕਮ ਹੈ। ਕਿੰਨੀ ਹਾਸੋਹੀਣੀ ਹਾਲ ਹੈ। ਕੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਰਗੀ ਮਹਾਨ ਸ਼ਖਸ਼ੀਅਤ ਜੋ ਕਿ ਅਕਾਲ ਪੁਰਖ ਨਾਲ ਅਭੇਦ ਹੈ ਅਤੇ ਫਿਰ ਉਸੇ ਹੀ ਅਕਾਲ ਪੁਰਖ ਦੀ ਜੋਤਿ ਨੂੰ ਹਰ ਇਕ ਜੀਵ ਅੰਦਰ ਦੇਖਦੀਹੈ,ਬੇਰਹਿਮੀ ਨਾਲ ਜੀਆਂ ਨੂੰ ਕਤਲ ਕਰਨ ਦਾ ਹੁਕਮ ਦੇ ਸਕਦੀ ਹੈ? ਨਹੀਂ! ਕਦਾਚਿਤ ਨਹੀਂ!! ਅਤੇ ਫਿਰ ਇਹ ਵੀ ਕਹਿੰਦਿਆਂ ਸੁਣਿਆਂ ਹੈ ਕਿ ਜੀਆਂ ਦਾ ਘਾਤ ਕਰਕੇ ਤਾਂ ਧਰਮ ਕੀਤਾ ਹੈ ਪਰ ਜ਼ਰਾ ਠੰਡੇ ਦਿਮਾਗ ਨਾਲ ਸੋਚੋ ਕਿ ਜੀਵਾਂ ਨੂੰ ਮਾਰਕੇ ਤਾਂ ਕੀਤਾ ਹੈ ਧਰਮ ਤਾਂ ਫਿਰ ਅਧਰਮ ਕਿਸ ਨੂੰ ਕਹੋਗੇ ਅਤੇ ਬੇਗੁਨਾਹਾਂ ਦੀਆਂ ਜਾਨਾਂ ਲੈਣ ਵਾਲੇ ਤਾਂ ਬਣ ਗਏ ਮੁਨੀ ਅਰਥਾਤ ਸਾਧੂ ਮਹਾਤਮਾਂ ਤਾਂ ਚੰਡਾਲ ਅਤੇ ਕਸਾਈ ਦੀ ਉਪਾਧੀ ਕਿਸ ਨੂੰ ਬਖਸ਼ੋਗੇ? ਬਾਣੀ ਵਿਚ ਲਿਖਿਆ ਹੈ:–

"ਜੀਅ ਬਧਹੁ ਸੁ ਧਰਮੁ ਕਰ ਥਾਪਹੁ ਅਧਰਮੁ ਕਹਹੁ ਕਤ ਭਾਈ।
ਆਪਸ ਕਉ ਮੁਨਿਵਰ ਕਰ ਥਾਪਹੁ ਕਾ ਕਉ ਕਹਹੁ ਕਸਾਈ।"

ਪਰ ਇਹ ਵੀ ਯਾਦ ਰਖੋ:–

"ਮਜਨ ਤੇਗ਼ ਬਰ ਖੂਨਿ ਕਸਬੇ ਦਰੇਗ
ਤੁਰਾ ਨੀਜ਼ ਖੂਨ ਅਸਤ ਬਾ ਚਰਖ ਤੇਗ਼।"

(ਜ਼ਫਰ ਨਾਮਾ ਪਾ: ੧੦)

Sri Satguru Jagjit Singh Ji Elibrary NamdhariElibrary@gmail.com

ਤੂੰ ਕਿਸੇ ਦੀ ਜਾਨ ਲਈ ਬੇਖੌਫ ਤਲਵਾਰ ਨ ਚਲਾ ਨਹੀਂ ਤੇ ਯਾਦ ਰਖ ਤੂੰ ਵੀ ਗੈਬੀ ਤਲਵਾਰ ਨਾਲ ਮਾਰਿਆ ਜਾਵੇਂਗਾ।

ਇਸ ਵਾਸਤੇ ਹੇ ਮਾਨੁਖ! ਤੂੰ ਆਪਣੇ ਆਪ ਨੂੰ ਅਕਲਮੰਦ ਤੇ ਸਿਆਣਾ ਆਖ ਕੇ ਆਪਣੀ ਮਰਜ਼ੀ ਨਾਲ ਆਪਣੀ ਜੀਭ ਦੇ ਸੁਆਦ ਬਦਲੇ ਮਨਭਾਉਂਦੇ ਅਤਿਆਚਾਰ ਨਾ ਕਰ, ਉਸੇ ਅਕਾਲ ਪੁਰਖ ਦੀ ਦ੍ਰਿਸ਼ਟੀ ਵਿਚ ਤਾਂ ਛੋਟੇ-ਛੋਟੇ ਜੀਵ ਵੀ ਹਨ ਜਿਸ ਤਰ੍ਹਾਂ -

"ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨ ਭਾਣੇ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥"

(ਆਸਾ ਮ: ੧)

ਹਾਂ "ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।"

ਅਰਥਾਤ ਜੇ ਤਾਕਤਵਰ, ਤਾਕਤਵਰ ਨੂੰ ਮਾਰਦਾ ਹੈ ਤਾਂ ਉਸ ਅਕਾਲ ਪੁਰਖ ਨੂੰ ਕੋਈ ਰੋਸ ਨਹੀਂ ਆਉਂਦਾ, ਪਰ "ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ" (ਆਸਾ ਮ: ੧ ਪੰਨਾ ੩੬੧) ਅਰਥਾਤ ਜੇ ਤਾਕਤਵਰ, ਨਿਰਬਲ ਤੇ ਕਮਜ਼ੋਰਾਂ ਉਤੇ ਜ਼ੁਲਮ ਕਰਦਾ ਹੈ ਤਾ ਉਸਦੀ ਪੁਛ ਖਸਮ (ਅਕਾਲ ਪੁਰਖ) ਦੇ ਦਰਬਾਰ ਵਿਖੇ ਜ਼ਰੂਰ ਹੋਵੇਗੀ।

ਜਦੋਂ ਹਰ ਇਕ ਜੀਵ ਅੰਦਰ ਉਸ ਪ੍ਰਮਾਤਮਾ ਦਾ ਵਾਸਾ ਦਸੀਦਾ ਹੈ ਅਤੇ ਫਿਰ ਮੰਗਦੇ ਵੀ ਹਾਂ "ਸ੍ਰਬਤ ਦਾ ਭਲਾ" ਤਾਂ ਫਿਰ ਕਿਸੇ ਜੀਵ ਦਾ ਘਾਤ ਕਿਉਂ ਕੀਤਾ ਜਾਂਦਾ ਹੈ? ਜਿਵੇਂ ਗੁਰਬਾਣੀ ਵਿਚ ਲਿਖਿਆ ਹੈ—

"ਜਉ ਸਭ ਮਹਿ ਏਕੁ ਖੁਦਾਇ
ਕਹਤ ਹਉ ਤਉ ਕਿਉ ਮੁਰਗੀ ਮਾਰੈ।"

Sri Satguru Jagjit Singh Ji Elibrary NamdhariElibrary@gmail.com

ਇਹ ਤਾਂ ਹੈ ਧਾਰਮਿਕ ਪਖੋਂ ਪਰ ਅਜ ਦੇ ਡਾਕਟਰ ਕੀ ਕਹਿੰਦੇ ਹਨ। ਉਨ੍ਹਾਂ ਇਹ ਸਿੱਧ ਕੀਤਾ ਹੈ ਕਿ ਮਾਸ ਦੀ ਪ੍ਰੋਟੀਨ ਭਾਵੇਂ ਸਬਜ਼ੀਆਂ ਨਾਲੋਂ ਕੀਮਤੀ ਹੈ. ਪਰ ਉਹਦੇ ਨਾਲ ਮਿਲੇ ਹੋਏ 'ਟਾਕਸਿਨ' ਏਸ ਖੁਰਾਕ ਦੀ ਕੀਮਤ ਨੂੰ ਨਖਿਧ ਬਣਾ ਦੇਂਦੇ ਹਨ। ਦੁਧ, ਦਹੀਂ, ਸਬਜ਼ੀ, ਕਣਕ, ਚਾਵਲ, ਸ਼ਹਿਦ, ਸੇਮ, ਮਟਰ, ਫਲੀ ਤੇ ਫਲਾਂ ਵਿਚ ਨਾ ਸਿਰਫ ਚੋਖੀ ਪ੍ਰੋਟੀਨ ਹੀ ਹੁੰਦੀ ਹੈ ਸਗੋਂ ਵਿਟਾਮਿਨ ਤੇ ਕੀਮਿਆਈ ਲੂਣ ਵੀ ਉਹਨਾਂ ਵਿਚ ਬਹੁਤ ਹੁੰਦੇ ਹਨ ਜਿਹੜੇ ਕਿ ਮਾਸ ਵਿਚ ਉਕਾ ਹੀ ਨਹੀਂ ਹੁੰਦੇ। ਵਿਟਾਮਿਨ ਤੇ ਲੂਣਾਂ ਦੀ ਕਮੀ; ਮਾਸ ਖਾਣ ਵਾਲਿਆਂ ਲਈ ਹਾਨੀਕਾਰਕ ਨਤੀਜੇ ਪੈਦਾ ਕਰਦੀ ਹੈ।

ਇਕ ਪ੍ਰਸਿਧ ਵਿਗਿਆਨੀ ਲਿਖਦਾ ਹੈ:—"ਮਾਸ ਦੀ ਖੁਰਾਕ ਵਿਚ ਜ਼ਹਿਰੀਲਾ ਮਾਦਾ ਬਹੁਤ ਹੁੰਦਾ ਹੈ। ਇਸ ਜ਼ਹਿਰ ਨੂੰ ਖਾਰਜ ਕਰਨ ਲਈ ਜਿਗਰ ਗੁਰਦਿਆਂ ਤੇ ਚਮੜੇ ਦੇ ਗਲੈਂਡਜ਼ ਨੂੰ ਬਹੁਤ ਸਾਰਾ ਭਾਰ ਚੁਕਣਾ ਪੈਂਦਾ ਹੈ। ਇਹੀ ਕਾਰਨ ਹੈ ਕਿ ਰੰਗਤ ਦੀ ਖੂਬਸੂਰਤੀ ਲਈ ਦੁਧ, ਸਬਜ਼ੀਆਂ ਵਾਲੀ ਖੁਰਾਕ ਵਧੇਰੇ ਸਫਲ ਸਮਝੀ ਜਾਂਦੀ ਹੈ। ਮਾਸ ਖਾਣ ਵਾਲਿਆਂ ਦੇ ਚਿਹਰਿਆਂ ਉਤੇ ਉਹ ਸਜਰਾਪਣ, ਫੁਲਾਂ ਵਰਗਾ ਕੂਲਾਪਣ ਨਹੀਂ ਆਉਂਦਾ ਜਿਹੜਾ ਦੁਧ, ਫਲ ਤੇ ਸਬਜ਼ੀਆਂ ਖਾਣ ਵਾਲੇ ਤੰਦਰੁਸਤ ਰੰਗ ਉਤੇ ਆਉਂਦਾ ਹੈ। ਮਾਸ ਖਾਣ ਵਾਲਿਆਂ ਨੂੰ ਕਬਜ਼ ਦੀ ਸ਼ਿਕਾਇਤ ਆਮ ਹੋ ਜਾਂਦੀ ਹੈ। ਭਾਰਤ ਵਿਚ ਮਾਸ ਨੂੰ ਘਿਉ ਅਥਵਾ ਥਿੰਦੇ ਵਿਚ ਪਕਾਣ ਦਾ ਰਿਵਾਜ ਹੈ। ਇਸੇ ਤਰ੍ਹਾਂ ਦਾ ਪਕਿਆ ਹੋਇਆ ਮਾਸ ਛੇਤੀ-ਹਜ਼ਮ ਨਹੀਂ ਹੁੰਦਾ। ਵਡੇਰਾ ਨੁਕਸ ਮਾਸ ਦੀ ਖੁਰਾਕ ਵਿਚ ਇਹ ਹੈ ਕਿ ਇਸ ਵਿਚ 'ਬੈਕਟੀਰਿਆ' ਤੇ 'ਟਾਕਸਿਨ' (ਜ਼ਹਿਰੀਲਾ ਮਾਦਾ) ਬਹੁਤ

Sri Satguru Jagjit Singh Ji Elibrary NamdhariElibrary@gmail.com

ਹੁੰਦੇ ਹਨ। ਜਿਸ ਜਾਨਵਰ ਦਾ ਇਹ ਮਾਸ ਹੁੰਦਾ ਹੈ ਉਹਦੇ ਲਹੂ ਵਿਚਲੇ ਜ਼ਹਿਰੀਲੇ ਅੰਜਰਾਂ ਨੂੰ ਬਾਹਰ ਕਢਣ ਦੀ ਖੇਚਲ ਖਾਣ ਵਾਲੇ ਦੇ ਜਿਗਰ ਤੇ ਗੁਰਦਿਆਂ ਨੂੰ ਖਰਾਬ ਕਰ ਦਿੰਦੀ ਹੈ।"

ਸੰਨ ੧੯੬੫ ਦੇ ਨਵੰਬਰ ਦਸੰਬਰ ਦੀ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨਿਊਜ਼ ਲੈਟਰਜ਼ ਨਾਮਿਕ ਪਤ੍ਰਿਕਾ ਇਹ ਦਸਦੀ ਹੈ ਕਿ ਲਗ ਪਗ ਦੋ ਸੌ ਬੀਮਾਰੀਆਂ ਹਨ ਜੋ ਕਿ ਇਕ ਜੀਵ ਤੋਂ ਦੂਸਰੇ ਜੀਵ ਨੂੰ ਜਾ ਲਗਦੀਆਂ ਹਨ ਜਿਹੜੀਆਂ ਮਾਸ ਖਾਣ ਵਾਲੇ ਮਨੁਖਾਂ ਨੂੰ ਲਗ ਜਾਂਦੀਆਂ ਹਨ ਅਤੇ ਫਿਰ ਇਨ੍ਹਾਂ ਬੀਮਾਰੀਆਂ ਦਾ ਇਲਾਜ ਕੋਈ ਨਹੀਂ ਹੋ ਸਕਦਾ ਕਿਉਂਕਿ ਉਹ ਬੀਮਾਰੀ ਜੋ ਕਿ ਪਸ਼ੂ ਦੇ ਮਾਸ ਖਾਣ ਨਾਲ ਲਗੀ ਹੈ ਉਹ ਮਾਨਖੀ ਦਵਾਈ ਨਾਲ ਖਤਮ ਨਹੀਂ ਹੋ ਸਕਦੀ। ਹਾਂ ਜੇਕਰ ਉਸ ਮਾਨੁਖ ਨੂੰ ਪਸ਼ੂ ਵਾਲੀ ਹੀ ਦਵਾਈ ਦਿਤੀ ਜਾਵੇ ਤਾਂ ਹੋ ਸਕਦਾ ਹੈ ਕਿ ਉਹ ਉਸ ਬੀਮਾਰੀ ਤੋਂ ਮੁਕਤ ਹੋ ਸਕੇ ਨਹੀਂ ਤੇ ਬਹੁਤ ਅਸੰਭਵ ਹੈ। ਪਰ ਇਸ ਪਾਸੇ ਵਲ ਬਹੁਤਾ ਧਿਆਨ ਨਾ ਦਿਤਾ ਜਾਣ ਕਰਕੇ ਅਜ ਇਹੋ ਜਿਹੀਆਂ ਬੀਮਾਰੀਆਂ ਪੈਦਾ ਹੋ ਗਈਆਂ ਜਿਨ੍ਹਾਂ ਦੀ ਅਜ ਦੇ ਵਿਗਿਆਨ ਕੀ ਡਾਕਟਰ ਨੂੰ ਵੀ ਪਤਾ ਤਕ ਨਹੀਂ ਲਗ ਰਿਹਾ।

ਅਜ ਦੇ ਸਾਇੰਸਦਾਨਾਂ ਨੇ ਇਹ ਵੀ ਸਿੱਧ ਕਰ ਦਿਤਾ ਹੈ ਕਿ ਮੱਛੀਆਂ ਜੋ ਕਿ ਨਦੀਆਂ, ਨਹਿਰਾਂ ਤੇ ਦਰਿਆਵਾਂ ਜਾਂ ਸਮੁੰਦਰਾਂ ਵਿਚ ਹੁੰਦੀਆਂ ਹਨ ਉਹ ਮਰੇ ਹੋਏ ਮਾਨੁਖਾਂ ਦਾ (ਜਿਹੜੇ ਕਿ ਮਰਨ ਤੋਂ ਬਾਅਦ ਜਲ ਪ੍ਰਵਾਹ ਕੀਤੇ ਜਾਂਦੇ ਹਨ) ਮਾਸ ਖਾਂਦੀਆਂ ਹਨ ਅਤੇ ਫਿਰ ਜਦੋਂ ਮਨੁਖ ਇਸ ਮੱਛੀ ਨੂੰ ਖਾਂਦਾ ਹੈ ਤਾਂ ਉਸ ਮਰੇ ਹੋਏ ਮਾਨੁਖ ਦੇ ਮਾਸ ਦਾ ਕੁਝ ਹਿੱਸਾ ਉਸ ਦੇ ਅੰਦਰ ਦਾਖਲ ਹੋ ਜਾਂਦਾ ਹੈ ਤੇ ਫਿਰ ਉਹ ਮਾਨੁਖ ਮਾਨੁਖ ਹੀ ਨਹੀਂ ਰਹਿ ਜਾਂਦਾ ਬਲਕਿ ਪਸ਼ੂ ਬਣ ਜਾਂਦਾ ਹੈ ਅਤੇ

Sri Satguru Jagjit Singh Ji Elibrary NamdhariElibrary@gmail.com

ਉਸਦੀ ਭਾਵਨਾਂ ਮਾਨੁਖੀ ਕਤਲ ਕਰਨ ਵਲ ਵਧਦੀ ਹੈ। ਬਰਨਾਰਡ ਸ਼ਾਅ ਨੇ ਕੇਡਾ ਠੀਕ ਲਿਖਿਆ ਹੈ ਕਿ ਜਾਨਵਰਾਂ ਨੂੰ ਮਾਰ ਕੇ ਖਾਣ ਦੀ ਸਜ਼ਾ ਮਾਨੁਖਾਂ ਨੂੰ ਇਹ ਮਿਲ ਰਹੀ ਹੈ ਕਿ ਮਾਨੁਖ ਨੂੰ ਮਾਨੁਖ ਦੇ ਕਤਲ ਕਰਨ ਦੀ ਆਦਤ ਪੈ ਗਈ ਹੈ। ਹਰ ਸਾਲ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਲੱਖਾਂ ਬੰਦੇ, ਬੰਦਿਆਂ ਦੇ ਹਥੋਂ ਕਤਲ ਹੁੰਦੇ ਹਨ। ਕਿਸੇ ਨੂੰ ਤਲਵਾਰ ਨਾਲ, ਕਿਸੇ ਨੂੰ ਬੰਦੂਕ ਨਾਲ ਜਾਂ ਜ਼ਹਿਰ ਪਿਲਾ ਕੇ ਮਾਰ ਦਿਤਾ ਜਾਂਦਾ ਹੈ। ਮਨੁਖਾਂ ਨੂੰ ਵਡੀ ਗਿਣਤੀ ਵਿਚ ਮਾਰ ਮੁਕਾਉਣ ਲਈ ਤੇ ਇਸ ਰੰਗੀਂ ਵਸਦੇ ਮੌਜਾਂ ਭਰੇ ਸੰਸਾਰ ਦਾ ਮਲੀਆਮੇਟ ਕਰਨ ਵਾਸਤੇ, ਮੈਗਾਟਨ ਤੇ ਹਾਈਡਰੋਜਨ ਬੰਬ ਤਿਆਰ ਕੀਤੇ ਪਏ ਨੇ।

ਵਰਡਜ਼ਵਰਥ ਨੇ ਇਕ ਥਾਂ ਲਿਖਿਆ ਹੈ 'ਜਦ ਤਕ ਮਨੁਖ ਆਪਣੇ ਖਾਣ ਦੇ ਸੁਆਦਾਂ ਨੂੰ ਪੂਰਾ ਕਰਨ ਲਈ ਪਸ਼ੂ ਪੰਛੀਆਂ ਨੂੰ ਮਾਰਨ ਦੀ ਵਹਿਸ਼ੀਆਨਾਂ ਆਦਤ ਦਾ ਤਿਆਗ ਨਹੀਂ ਕਰੇਗਾ, ਤਦ ਤਕ ਇਹ ਮੂਰਖ ਮਨੁਖ ਬੇਅਮਨੀ ਤੇ ਫੌਜਾ, ਟੈਂਕਾਂ ਤੇ ਬੰਬਾਂ ਦੇ ਸਹਿਮ ਨਾਲ ਸਦਾ ਹੀ ਡਰਦਾ ਰਹੇਗਾ।

ਰਖਫੈਲਰ ਇਨਸਟੀਚਯੂਟ ਦੇ ਵਿਗਿਆਨਕ ਡਾਕਟਰ ਐਡਵਰਡ ਅਹੇਰੰਸ ਨੇ ਇਕ ਅਮਰੀਕਨ ਮੈਡੀਕਲ ਐਸੋਸੀਏਸ਼ਨ ਸੰਮੇਲਨ ਵਿਚ ਦਸਿਆ ਕਿ ਜਿਨ੍ਹਾਂ ਪਰਿਵਾਰਾਂ ਵਿਚ ਦਿਲ ਦੀ ਬੀਮਾਰੀ ਹੈ ਉਹਨਾਂ ਨੂੰ ਸ਼ਾਕਾਹਾਰੀ ਬਣਨਾ ਚਾਹੀਦਾ ਹੈ। ਉਨ੍ਹਾਂ ਨੂੰ ਮਲਾਈ ਉਤਾਰੇ ਦੁੱਧ ਨੂੰ ਵਰਤਣਾ ਚਾਹੀਦਾ ਹੈ ਅਤੇ ਜਾਂ ਦੁੱਧ ਤੋਂ ਬਣੇ ਹੋਰ ਪਦਾਰਥਾਂ ਨੂੰ ਆਂਡੇ, ਮਾਸ ਵਗੈਰਾ ਤਾਂ ਕਦਾਚਿਤ ਵੀ ਨਹੀਂ ਵਰਤਣਾ ਚਾਹੀਦਾ।

ਮਨੁਖ ਦੇ ਅਧਿਆਤਮਿਕ ਜੀਵਨ ਅਤੇ ਸੁਭਾਵ ਵੀ ਆਹਾਰ ਦੇ ਉਤੇ ਨਿਰਭਰ ਕਰਦੇ ਹਨ। ਮਾਂਸਾਹਾਰੀ ਹੋਣ ਦੇ

ਕਾਰਨ ਨੈਤਿਕ ਗਲਾਂ ਦੇ ਵਿਚਾਰ ਕਰਨ ਦੀ ਸਮਰਥਾ ਨਹੀਂ ਰਹਿੰਦੀ। ਇਸ ਗਲ ਦਾ ਸਬੂਤ ਬਾਈਬਲ ਵਿਚੋਂ ਮਿਲਦਾ ਹੈ ਕਿ ਇਜ਼ਰਾਲਿਆਂ ਨੂੰ ਜ਼ਿਆਦਾ ਜ਼ਿੱਦ ਕਰਨ ਤੇ ਭਗਵਾਨ ਨੇ ਮਾਸ ਖਾਣ ਨੂੰ ਦਿਤਾ ਪਰੰਤੂ ਉਹ ਤਾਕਤਵਰ ਹੋਣ ਦੀ ਥਾਂ ਪਤਲੇ ਅਤੇ ਮਾੜੇ ਜਿਹੇ ਹੋ ਗਏ। ਇਸੇ ਲਈ ਇਜ਼ਰਾਲੀਆਂ ਨੂੰ ਜੰਗਲ ਵਿਚ ਸ਼ਾਕਾਹਾਰੀ ਹੋਣ ਵਾਸਤੇ ਕਿਹਾ ਸੀ।

ਬਾਈਬਲ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਭਗਵਾਨ ਨੇ ਮੂਸਾ ਨੂੰ ਬਨਾਂਦੇ ਵਕਤ ਸਿਹਤ ਸਬੰਧੀ ਗਲਾਂ ਦਸੀਆਂ। ਉਸਨੇ ਕਿਹਾ ਕਿ ਜੇਕਰ ਲੋਕ ਸ਼ਾਕਾਹਾਰੀ ਹੁੰਦੇ ਤਾਂ ਜ਼ਰੂਰੀ ਸੀ ਕਿ ਉਹ ਸਿਹਤਮੰਦ ਰਹਿੰਦੇ। ਮਨ ਦੀ ਹਾਲਤ ਸਿਹਤ ਦੇ ਸਵਸਥ ਰਹਿਣ ਤੇ ਹੀ ਠੀਕ ਰਹਿ ਸਕਦੀ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਪਾਚਕ ਇੰਦ੍ਰੀਆਂ ਭੋਜਨ ਜਲਦੀ ਪਚਾ ਸਕਦੀਆਂ ਹੋਣ। ਇਸੇ ਲਈ ਇਜ਼ਰਾਇਲੀ ਲੋਕਾਂ ਨੂੰ ਬਨਵਾਸ ਸਮੇਂ ਮਾਸ ਖਾਣ ਵਾਸਤੇ ਨਹੀਂ ਕਿਹਾ ਸੀ ਕਿ ਉਹ ਮਾਸ ਖਾ ਕੇ ਰੋਗੀ ਬਣ ਜਾਣ ਅਤੇ ਜਲਦੀ ਹੀ ਗੁਲਾਮ ਹੋ ਜਾਣ।

ਐਨਸਾਈਕਲੋ ਪੀਡੀਆ ਕਿਤਾਬ ਦੇ ਸਫੇ ੨੭ ਅਤੇ ੭੨੦ ਉਤੇ ਸ਼ਾਕਾਹਾਰ ਦੇ ਸਬੰਧ ਵਿਚ ਇਸ ਤਰਾਂ ਲਿਖਿਆ ਹੈ:-

'ਸ਼ਾਕਾਹਾਰੀ ਭੋਜਨ ਸੁਭਾ ਨੂੰ ਕੋਮਲ ਬਣਾਉਂਦਾ ਹੈ। ਇਸ ਨਾਲ ਮਨ ਸ਼ਾਂਤ ਰਹਿੰਦਾ ਹੈ ਅਤੇ ਘਟ ਉਤੇਜਨਾ ਹੁੰਦੀ ਹੈ। ਹਮਲਾਵਰ ਅਤੇ ਹਿੰਸਕ ਸੁਭਾ ਵਿਚ ਨਰਮਤਾਈ ਪਾਈ ਜਾਂਦੀ ਹੈ। ਇਹ ਵਿਵਹਾਰਿਕ ਅਤੇ ਵਿਵੇਕ ਪੂਰਨ ਸਚਾਈ ਹੈ। ਜੇਕਰ ਕੋਈ ਮਿਠਾ ਸੁਭਾਅ, ਅਕਲਮੰਦ, ਕਲਾਕਾਰ, ਸ਼ਾਂਤੀ ਦੇ ਚਾਹਨਵਾਲਾ ਹੈ ਤਾਂ ਇਹ ਜਰੂਰੀ ਹੈ ਕਿ ਉਹ ਸ਼ਾਕਾਹਾਰੀ ਬਣਨ ਦੀ ਕੋਸ਼ਿਸ਼ ਕਰੇ।"

Sri Satguru Jagjit Singh Ji Elibrary NamdhariElibrary@gmail.com

ਪ੍ਰਸਿੱਧ ਡਾਕਟਰ ਬੈੱਲ ਨੇ ਲਿਖਿਆ ਹੈ ਕਿ ਕੈਂਸਰ ਜਾਂ ਭਗੰਦਰ ਰੋਗ ਹੋਣ ਦਾ ਮੁਖ ਕਾਰਨ ਮਾਸ ਖਾਣਾ ਹੀ ਹੈ ਅਤੇ ਸਾਗ, ਸਬਜ਼ੀਆਂ ਤੇ ਫਲ ਅਹਾਰ ਹੀ ਇਸ ਦਾ ਮੁਖ ਇਲਾਜ ਹੈ। ਡਾਕਟਰ ਐਡਮ ਐਡਨ ਬਰਗ ਨੂੰ ਅਧਰੰਗ ਹੋ ਗਿਆ ਅਤੇ ਅਖੀਰ ਉਸਨੇ ਮਾਸ ਖਾਣਾ ਛੱਡ ਦਿਤਾ ਤੇ ਉਸਦੀ ਥਾਵੇਂ ਉਸ ਨੇ ਬਨਸਪਤੀ (ਸਾਗ, ਸਬਜ਼ੀ ਆਦਿ) ਦਾ ਅਹਾਰ ਕੀਤਾ ਤੇ ਫਿਰ ਉਸ ਤੋਂ ਬਚਾਅ ਹੋ ਸਕਿਆ। ਡਾਕਫਰ ਹੈਰਸ, ਮਿਸਟਰ ਸਿਡਨੀ ਬੇਰਡ, ਡਾਕਟਰ ਟਾਮਸਨ ਡਿਟਨ, ਡਾਕਟਰ ਰਾਬਰਟ ਏ. ਐਮ. ਬੀ ਬੀ. ਐਸ ਲੰਡਨ ਆਦਿ ਸਾਰਿਆਂ ਨੇ ਆਪਣੇ ਪ੍ਰਯੋਗਾਂ ਰਾਹੀਂ ਸਿੱਧ ਕਰ ਦਿਤਾ ਹੈ ਕਿ ਸ਼ਾਕਾਹਾਰੀਆਂ ਦੀ ਉਮਰ ਮਾਸਾਹਾਰੀਆਂ ਨਾਲੋਂ ਕਿੰਨੀ ਜ਼ਿਆਦਾ ਹੁੰਦੀ ਹੈ।

ਸਾਡੀਆਂ ਜਗਤ ਪ੍ਰਸਿੱਧ ਉਹ ਵਿਅਕਤੀਆਂ (ਮਹਾਤਮਾ ਗਾਂਧੀ, ਪੰਡਿਤ ਮਦਨ ਮੋਹਨ ਮਾਲਵੀਆ, ਸ੍ਰੀ ਰਾਜਗੋਪਾਲਾ ਚਾਰੀਯਾ, ਸਵਰਗਵਾਸੀ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸਾਦ, ਸਰਹੱਦੀ ਗਾਂਧੀ ਅਬਦੁਲ ਗੁਫਾਰ ਖਾਂ, ਨੋਬਲ ਪ੍ਰਾਈਜ਼ ਵਿਜੇਤਾ ਸ੍ਰੀ ਯੁਤ ਟੈਗੋਰ ਜੀ, ਜਰਮਨੀ ਦੇ ਡਿਕਟੇਟਰ ਹਰ ਹਿਟਲਰ, ਇਟਲੀ ਦਾ ਸਾਇਨਰ ਮੁਸੋਲਿਨੀ, ਮਾਰਸ਼ਲ ਗੋਇਰਿੰਗ, ਵੀਰ ਸਾਵਰਕਰ, ਸ੍ਰੀ ਲਾਲ ਬਹਾਦਰ ਸ਼ਾਸ਼ਤਰੀ, ਡਾਕਟਰ ਮੂੰਜੇ ਆਦਿ) ਜਿਨ੍ਹਾਂ ਨੇ ਦਿਮਾਗੀ ਯੋਗਤਾ, ਦੇਸ਼ ਭਗਤੀ, ਕੁਰਬਾਨੀ ਦੇ ਉਤਸ਼ਾਹ, ਨੀਤੀ ਤੇ ਬਹਾਦੁਰੀ ਵਿਚ ਸਭ ਤੋਂ ਵੱਧ ਨਾਮਣਾਂ ਖਟਿਆ ਅਤੇ ਸਾਰੀ ਦੁਨੀਆਂ ਦੇ ਅੱਖਾਂ ਦੇ ਸਿਤਾਰੇ ਬਣੀਆਂ ਰਹੀਆਂ—ਮਾਸ ਨਹੀਂ ਸਨ ਖਾਂਦੀਆਂ। ਹੋਰ ਵੀ ਬਹੁਤ ਸਾਰੇ ਐਸੇ ਮਹਾਂਪੁਰਸ਼ ਜਿਨ੍ਹਾਂ ਨੇ ਕਿਸੇ ਨਾ ਕਿਸੇ ਕੰਮ ਵਿਚ ਯੋਗਤਾ ਪ੍ਰਾਪਤ ਕੀਤੀ ਉਹ ਸਾਰੇ ਹੀ ਮਾਸ ਨਹੀਂ ਸਨ ਖਾਂਦੇ।

ਇਸ ਤੋਂ ਇਲਾਵਾ ਲਗਪਗ ਸਾਰੇ ਦੇ ਸਾਰੇ ਧਰਮ ਹੀ

Sri Satguru Jagjit Singh Ji Elibrary NamdhariElibrary@gmail.com

ਮਾਸ ਦੇ ਪ੍ਰਤਿਕੂਲ ਪ੍ਰਚਾਰ ਕਰਦੇ ਹਨ ਤੇ ਸਿਖਿਆ ਦੇਂਦੇ ਹਨ।

ਮਾਸ ਆਹਾਰ ਮਾਨਸਿਕ ਤੇਜ਼ੀ ਨੂੰ ਘਟ ਕਰਦਾ ਹੈ। ਮਾਸ ਦੀ ਖੁਰਾਕ ਮਨੁਖੀ ਮਨ ਵਿਚ ਦੈਵੀ ਕੋਮਲਤਾ ਨਹੀਂ ਆਉਣ ਦੇਂਦੀ, ਜਿਸ ਕੋਮਲਤਾ ਬਾਝੋਂ ਸਾਡੀ ਦੁਨੀਆਂ ਦੀ ਸੰਭਾਵਨਾ ਭਰੀ ਵੰਨ ਸਵੰਨੀ ਹਸਤੀ ਦੀ ਥਾਂ ਠੰਡੀ ਤੇ ਤੱਤੀ ਲੜਾਈ ਦਾ ਆਫਤਾਂ ਭਰਿਆ ਜੁਧਖੇਤਰ ਬਣੀ ਪਈ ਹੈ। ਮਾਸ ਖਾਣ ਤੋਂ ਪਰਹੇਜ਼ ਕਰਨ ਦੇ ਫਲ ਸਰੂਪ ਧਾਰਮਿਕ ਜੀਵਨ ਸਫਲ ਹੁੰਦਾ ਹੈ। ਮਾਸ ਭੋਜਨ ਨੈਤਿਕ ਅਤੇ ਅਧਿਆਤਮਕ ਸੁਭਾਅ ਨੂੰ ਕਮਜ਼ੋਰ ਬਣਾਉਂਦਾ ਹੈ।

ਇਨ੍ਹਾਂ ਸਾਰੀਆਂ ਗਲਾਂ ਤੋਂ ਸਿੱਧ ਹੁੰਦਾ ਹੈ ਕਿ ਸ਼ਾਕਾਹਾਰੀ ਸਿਹਤ ਵਿਚ ਅਤੇ ਅਧਿਆਤਮਿਕ ਤੌਰ ਤੇ ਸਦਾ ਉੱਚੇ ਹੁੰਦੇ ਹਨ।

Sri Satguru Jagjit Singh Ji Elibrary NamdhariElibrary@gmail.com

**ਬੰਬਈ ਜੀਵ ਦਇਆ ਮੰਡਲੀ**

੧੪੯, ਸ਼ਰਾਫ ਬਾਜ਼ਾਰ,
ਬੰਬਈ।

ਮਿਤਰ ਸਨੇਹੀ ਜੀ, ੭ ਮਈ ੧੯੬੭

ਮੈਨੂੰ ਇਹ ਜਾਣ ਕੇ ਪ੍ਰਸੰਤਾ ਹੋ ਰਹੀ ਹੈ ਕਿ ਤੁਸੀਂ ਸ੍ਰੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਸ਼ਾਕਾਹਾਰ ਸਬੰਧੀ ਪੰਜਾਬੀ ਵਿਚ ਇਕ ਪੁਸਤਕ ਸੰਪਾਦਤ ਕਰ ਰਹੇ ਹੋ। ਇਹ ਬਹੁਤ ਚੰਗਾ ਵਿਚਾਰ ਹੈ ਤੇ ਪੁਸਤਕ ਦਾ ਨਾਂ 'ਪ੍ਰਾਨ ਪੂਜਾ', ਜੋ ਤੁਸੀਂ ਚੁਣਿਆ ਹੈ, ਵੀ ਇਕ ਸੁਝਾਊ ਨਾਂ ਹੈ। ਤੁਹਾਨੂੰ ਪੁਸਤਕ ਵਿਚ ਅਲਬਰਟ ਸ਼ਵਾਈਟਜ਼ਰ ਦੀ ਜ਼ਿੰਦਗੀ ਦਾ ਹਵਾਲਾ ਵੀ ਦੇਣਾ ਚਾਹੀਦਾ ਹੈ ਜਿਹਨੇ ਜੀਵਨ ਦੀ ਪਵਿਤਰਤਾ ਤੇ ਜ਼ੋਰ ਦਿਤਾ ਹੈ।

ਸ਼ੁਭ ਇਛਾਵਾਂ ਸਹਿਤ,

ਆਪ ਦਾ
ਜ. ਨ. ਮਾਨਕਰ
ਭਾਰਤ ਤੇ ਪੂਰਬੀ ਦੇਸਾਂ ਦੇ ਅੰ: ਸ਼ਾ: ਸੰਗਠਨ
ਦੇ ਸਕੱਤਰ (ਬੰਬਈ)

Sri Satguru Jagjit Singh Ji Elibrary NamdhariElibrary@gmail.com

**ਸਾਰਵਦੇਸ਼ਕ ਆਰਯ ਪ੍ਰਤੀਨਿਧੀ ਸਭਾ**

ਮਹੇਰਿਸ਼ੀ ਦਇਆ ਨੰਦ ਭਵਨ,
ਰਾਮ ਲੀਲਾ ਮੈਦਾਨ,
ਨਵੀਂ ਦਿਲੀ–੧
੪ ਜੁਲਾਈ ੧੯੬੬

ਸ੍ਰੀ ਮਾਨ ਜੀ,

ਆਪ ਦਾ ੨੩-੬–੬੬ ਦਾ ਕਿਰਪਾ ਪਤਰ ਮਿਲਿਆ। ਉਤਰ ਵਿਚ ਅਰਜ਼ ਹੈ ਕਿ ਆਰਯ ਸਮਾਜ ਵਿਚ ਅਜਿਹੀ ਕੋਈ ਸ਼੍ਰੇਣੀ ਨਹੀਂ ਜੋ ਮਾਂਸਾਹਾਰ ਦਾ ਪ੍ਰਚਾਰ ਕਰਦੀ ਹੋਵੇ। ਆਰਯ ਸਮਾਜ ਮਾਂਸਾਹਾਰ ਦੇ ਬਿਲਕੁਲ ਵਿਰੁਧ ਹੈ ਤੇ ਇਸ ਦੇ ਵਿਰੁਧ ਪ੍ਰਚਾਰ ਕਰਦਾ ਹੈ। ਇੰਨਾ ਹੀ ਨਹੀਂ ਆਰਯਸਮਾਜ ਦੇ ਮੈਂਬਰਾਂ ਲਈ ਮਾਂਸਾਹਾਹ ਦਾ ਵਿਰੋਧ ਸਦਾਚਾਰ ਦਾ ਇਕ ਅੰਗ ਨਿਸਚਿਤ ਕੀਤਾ ਹੋਇਆ ਹੈ। ਹੋ ਸਕਦਾ ਹੈ ਕੋਈ ਮੈਂਬਰ ਆਪਣੀ ਕਮਜ਼ੋਰੀ ਅਧੀਨ ਮਾਂਸਾਹਾਰ ਕਰਦਾ ਵੀ ਹੋਵੇ ਪ੍ਰੰਤੂ ਉਹਵੀ ਇਸਦਾ ਪ੍ਰਚਾਰਨਾ ਕਰ ਸਕਦਾ ਹੈ ਤੇ ਨਾ ਹੀ ਕਰਦਾ ਹੈ। 'ਟਾਈਮਜ਼ ਆਫ ਇੰਡੀਆ' ਦਾ ਲੇਖ ਠੀਕ ਨਹੀਂ। ਜੇ ਆਪ ਟਾਈਮਜ਼ ਆਫ ਇੰਡੀਆ ਦੀ ਤਾਰੀਖ ਲਿਖ ਸਕੋ ਜਿਸ ਵਿਚ ਉਹ ਲੇਖ ਛਪਿਆ ਹੈ ਤਦ ਵਿਸ-ਤੀਰਤ ਉਤਰ ਦੁਆਇਆ ਜਾਇ।

ਆਪ ਦਾ
ਰਾਮ ਗੋਪਾਲ (ਮੰਤਰੀ)

Sri Satguru Jagjit Singh Ji Elibrary NamdhariElibrary@gmail.com

# "ਜਿਤੁ ਖਾਧੈ ਤਨੁ ਪੀੜੀਐ"

ਪ੍ਰੋ: ਹਾਕਮ ਸਿੰਘ. ਰੂਪ

(ਸ੍ਰੀ ਜੀਵਨ ਨਗਰ)

ਚਾਹੇ ਕੋਈ ਵੀ ਖਾਣਾ ਹੈ ਭਾਵੇਂ ਉਹ ਮਾਸ ਹੈ ਜਾਂ ਨਸ਼ੇ ਵਾਲਾ ਜਿਸਦਾ ਸੇਵਨ ਕਰਕੇ ਸਰੀਰ ਨੂੰ ਦੁੱਖ ਹੁੰਦਾ ਹੋਵੇ ਤੇ ਮਨ ਵਿੱਚ ਵਿਕਾਰ, ਬੁਰਿਆਈ, ਨਿਰਦੈਤਾ, ਵਿਸ਼ਿਆਂ ਵਿੱਚ ਉਤੇਜਨਾ ਪੈਦਾ ਹੁੰਦੀ ਹੋਏ–ਉਹ ਸਾਰੇ ਧਰਮਾਂ ਵਿੱਚ ਹੀ ਵਿਵਰਜਤ ਹੈ। ਧਰਮ ਤੋਂ ਭਾਵ ਉਹ ਅਸੂਲ ਜਿਹੜਾ–ਆਦਿ ਜੁਗਾਦਿ ਤੋਂ ਲੈ ਕੇ ਪਰਲੋਂ ਤੋਂ ਬਾਅਦ ਤੱਕ 'ਸਥਿਰ ਹਸਤੀ'( 'ਜਿਸ ਦੇ ਆਸਰੇ ਸਾਰਾ ਬ੍ਰਹਿਮੰਡ ਹੈ। ਜੋ ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ ਹੈ) ਨਾਲ ਇਕ-ਮਿਕ ਕਰਾ ਦਿੰਦਾ ਹੈ ਜਾਂ ਉਸ ਨਾਲ ਅਭੇਦ ਹੋਣ ਦੀ ਪ੍ਰੇਰਨਾ ਕਰਦਾ ਹੈ।

ਧਰਮ ਵਿੱਚ ਮਾਸ ਖਾਣਾ ਤਾਂ ਬਹੁਤ ਦੂਰ ਦੀ ਵਿਥਿਆ ਹੈ। ਉਸ ਵਿੱਚ ਤਾਂ ਪ੍ਰਾਣੀ ਮਾਤਰ ਦਾ ਹਿਰਦਾ ਦੁਖਾਉਣ ਤੱਕ ਦੀ ਵੀ ਮਨਾਹੀ ਹੈ। ਪੁਰ ਜ਼ੋਰ ਸ਼ਬਦਾਂ ਵਿੱਚ ਗ੍ਰੰਥ ਸਾਹਿਬ ਦੇ ਪੰਨਾ ੧੩੮੪ ਤੇ ਫੁਰਮਾਨ ਹੈ–'ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥ ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ॥'

ਮਾਸ ਪ੍ਰਾਣੀਆਂ ਨੂੰ ਪੀੜਾ ਦਿਤੇ ਬਿਨਾਂ ਪ੍ਰਾਪਤ ਨਹੀਂ ਹੁੰਦਾ, ਜਦ ਤਕ ਜੀਵ ਮਰਦਾ ਨਹੀਂ ਮਾਸ ਬਣਦਾ ਨਹੀਂ। ਆਪਣੇ ਸਵਾਰਥ ਬਦਲੇ ਕਿਸੇ ਨੂੰ ਦੁੱਖ ਦੇਣਾ ਮਨੁਖ ਦਾ ਧਰਮ ਨਹੀਂ ਹੈ।

Sri Satguru Jagjit Singh Ji Elibrary NamdhariElibrary@gmail.com

ਇਹ ਠੀਕ ਹੈ ਕਿ ਆਸਾ ਦੀ ਵਾਰ ਵਿੱਚ ਲਿਖਿਆ ਹੈ 'ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।' ਫਿਰ ਇਸ ਦ੍ਰਿਸ਼ਟੀ ਤੋਂ ਤਾਂ ਕਿਸੇ ਨੂੰ ਸਬਜ਼ੀ ਫਲ ਆਦਿ ਵੀ ਨਹੀਂ ਖਾਣਾ ਚਾਹੀਦਾ। ਕਿਉਂਕਿ ਉਨ੍ਹਾਂ ਵਿੱਚ ਵੀ ਜੀਵ ਹਨ, ਉਹਨਾਂ ਨੂੰ ਵੀ ਦੁੱਖ ਹੁੰਦਾ ਹੈ? ਪ੍ਰੰਤੂ ਮਾਸ ਤੇ ਜੀਵ ਵਿੱਚ ਢੇਰ ਫਰਕ ਹੈ। ਇਹ ਜ਼ਰੂਰੀ ਨਹੀਂ ਹੈ ਕਿ ਜਿਥੇ ਜੀਵ ਹੈ ਉਥੇ ਹੀ ਮਾਸ ਹੈ। ਦਰਖਤਾਂ, ਅੰਨ, ਸਬਜ਼ੀ ਅਤੇ ਫਲਾਂ ਵਿੱਚ ਮਾਸ ਕਿਹੜਾ ਹੈ? ਸਤਿਗੁਰਾਂ ਨੇ 'ਜੇਤੇ ਦਾਣ ਅੰਨ ਕੇ ਜੀਆ ਬਾਝੁ ਨ ਕੋਇ' ਲਿਖਿਆ ਹੈ ਪਰੰਤੂ ਇਹ ਨਹੀਂ ਲਿਖਿਆ ਮਿਲਦਾ ਕਿ 'ਜੇਤੇ ਦਾਣੇ ਅੰਨ ਕੇ ਮਾਸ ਬਾਝੁ ਨ ਕੋਇ।' ਅੰਨ, ਫਲਾਂ ਤੇ ਸਬਜ਼ੀਆਂ ਵਿੱਚ ਜਿਥੇ ਜੀਅ ਹਨ ਉਥੇ ਮਾਸ ਦੀ ਬਜਾਇ ਉਹਨਾਂ ਵਿੱਚ ਰਸ ਹੈ। ਕਦੀ ਕਿਸੇ ਨਹੀਂ ਆਖਿਆ ਸੰਗਤਰੇ ਦਾ ਮਾਸ ਖਾਉ ਜਾਂ ਨਿੰਬੂ ਦਾ ਮਾਸ ਪੀਉ। ਰਸ ਸੇਵਨ ਕਰਨ ਵਾਸਤੇ ਕਿਸੇ ਧਰਮ ਵਿੱਚ ਕੋਈ ਬੰਧਨ ਨਹੀਂ ਤੇ ਨਾ ਹੀ ਕੋਈ ਦੋਸ਼ ਹੈ। ਦੋਸ਼ ਤਾਂ ਖੂਨ ਅਤੇ ਮਾਸ ਖਾਣ ਵਿੱਚ ਹੈ।

ਮ ਸ ਵਸਤੂ ਉਹ ਹੀ ਹੈ ਜਿਥੇ ਖੂਨ ਹੈ। ਜਿਥੇ ਖੂਨ ਨਹੀਂ ਮਾਸ ਕੇਹਾ? ਅੰਨ, ਸਬਜ਼ੀਆਂ ਅਤੇ ਫਲਾਂ ਫੁਲਾਂ ਵਿੱਚ ਰਸ ਹੈ। ਰਸ ਤੋਂ ਖੂੰਨ ਬਣਦਾ ਹੈ ਅਤੇ ਖੂਨ ਤੋਂ ਮਾਸ ਬਣਦਾ ਹੈ ਮਾਸ ਤੋਂ ਹੋਰ ਧਾਤੂ ਪੈਦਾ ਹੁੰਦੇ ਹਨ। ਜਿਹੜਾ ਭੋਜਨ ਅਜ ਖਾਧਾ ਜਾਂਦਾ ਹੈ ਉਸਦਾ ਪਚਕੇ ਪਹਿਲਾਂ ਰਸ ਬਣਦਾ ਹੈ, ਫੇਰ ਖੂਨ ਤੇ ਪਿਛੋਂ ਮਾਸ ਬਣਦਾ ਹੈ. ਮਾਸ ਰਸ ਦੀ ਤੀਜੀ ਅਵਸਥਾ ਹੈ। ਜਦੋਂ ਕੁਦਰਤ ਨੇ ਪ੍ਰਾਣੀ ਦੇ ਸਰੀਰ ਵਿਚ ਰਸ ਦਾ ਮਾਸ ਬਣਾ ਦਿਤਾ ਫਿਰ ਉਸ ਪ੍ਰਾਣੀ ਦੇ ਮਾਸ ਨੂੰ ਖਾਕੇ 'ਰਸ' ਬਣਾਨਾ ਤੇ ਰਸ ਤੋਂ ਖੂਨ ਬਨਾਣਾ ਅਤੇ ਫੇਰ ਮਾਸ ਬਣਾਨਾ ਸ੍ਰਿਸ਼ਟੀਕ੍ਰਮ ਦੇ ਵਿਰੁਧ ਵੀ ਹੈ।

ਜਾਨਵਰ ਦੋ ਪ੍ਰਕਾਰ ਦੇ ਹਨ। ਇਕ ਉਹ ਜਿਹੜੇ ਮਾਸ

Sri Satguru Jagjit Singh Ji Elibrary NamdhariElibrary@gmail.com

ਨਹੀਂ ਖਾਂਦੇ ਦੂਸਰੇ ਉਹ ਜੇਹੜੇ ਮਾਸ ਖਾਂਦੇ ਹਨ। ਸਭ ਤੋਂ ਪਹਿਲਾਂ ਤਾਂ ਮਨੁਖ ਦੇ ਉਸ ਤਰ੍ਹਾਂ ਦੇ ਨੌਂਹ ਤੇ ਦੰਦ ਨਹੀਂ ਹਨ ਜਿਸ ਤਰ੍ਹਾਂ ਦੇ ਖੂੰਖਾਰ ਪ੍ਰਾਣਧਾਰੀਆਂ ਦੇ ਹੁੰਦੇ ਹਨ। ਮਨੁਖ ਮਾਸ ਨੂੰ ਕੱਟ ਵੱਢ ਕੇ ਉਸ ਵਿੱਚ ਮਿਰਚ ਮਸਾਲੇ ਭਰਦਾ ਹੈ ਅਤੇ ਪਕਾਕੇ ਆਪਣੇ ਸੁਆਦ ਅਨੁਕੂਲ ਬਣਾਉਂਦਾ ਹੈ। ਪ੍ਰੰਤੂ ਮਾਂਸਾਹਾਰੀ ਪ੍ਰਾਣੀਆਂ ਦੇ ਨੌਂਹ ਦੂਜੇ ਜੀਵ ਨੂੰ ਮਾਰਨ ਦੇ ਅਨੁਕੂਲ ਹੁੰਦੇ ਹਨ ਅਤੇ ਉਹਨਾਂ ਦੀ ਜ਼ਬਾਨ ਵੀ ਕੱਚੇ ਮਾਸ ਦਾ ਸੁਆਦ ਲੈਣ ਦੇ ਅਨੁਕੂਲ ਬਣਾਈ ਹੈ ਕੁਦਰਤ ਨੇ। ਪ੍ਰੰਤੂ ਮਨੁੱਖ ਦੀ ਨਹੀਂ। ਮਾਂਸਾਹਾਰੀ ਜੀਵਾਂ ਨੂੰ ਪਸੀਨਾਂ ਨਹੀਂ ਆਉਂਦਾ। ਸਾਰੇ ਮਾਂਸਾਹਾਰੀ ਪ੍ਰਾਣੀ ਪਾਣੀ ਜੀਭ ਨਾਲ ਚਪ ਚਪ ਕਰਕੇ ਪੀਂਦੇ ਹਨ ਤੇ ਬਾਕੀ ਘੁਟਾਂ ਨਾਲ। ਮਾਂਸਾਹਾਰੀ ਜਾਨਵਰਾਂ ਦੀਆਂ ਅੱਖਾਂ ਗੋਲ ਹੁੰਦੀਆਂ ਹਨ ਤੇ ਮਨੁੱਖਾਂ ਦੀਆਂ ਅੱਖਾਂ ਬਦਾਮ ਵਾਂਗ ਚਪਟੀਆਂ ਹੁੰਦੀਆਂ ਹਨ।

ਮਾਂਸਾਹਾਰੀ ਪ੍ਰਮਾਤਮਾਂ ਦਾ ਭਗਤ ਨਹੀਂ ਹੋ ਸਕਦਾ ਕਿਉਂਕਿ ਤਮੋਗੁਣੀ ਭੋਜਨ ਨਾਲ ਵਿਚਾਰ ਵੀ ਤਮੋਗੁਣੀ ਹੋ ਜਾਂਦੇ ਹਨ। ਸਤੋਗੁਣੀ ਨਹੀਂ ਹੁੰਦੇ। ਸੰਸਾਰ-ਭਰ ਦੇ ਜਿੰਨੇ ਵੀ ਸੱਚੇ ਭਗਤ ਹੋਏ ਹਨ ਉਹ ਜਾਂ ਤਾਂ ਮਾਸ ਖਾਂਦੇ ਨਹੀਂ ਸਨ ਜੇ ਖਾਂਦੇ ਸਨ ਤਾਂ ਉਹਨਾਂ ਨੂੰ ਛੱਡਣਾ ਪਿਆ ਤਾਂ ਉਹਨਾਂ ਨੂੰ ਅੰਤਰ ਆਤਮਾ ਦੀ ਜੋਤੀ ਦਾ ਪਤਾ ਲਗਾ।

ਮਹਾਭਾਰਤ ਆਦਿਪਰਵ ਵਿੱਚ ਲਿਖਿਆ ਹੈ ਕਿ ਮਹਾ-ਭਾਰਤ ਦਾ ਰਹਿਸ ਚਾਰਾਂ ਵੇਦਾਂ ਤੋਂ ਵੀ ਅਧਿਕ ਹੈ। ਉਸ ਦਾ ਨਿਰਨਾ ਵੀ ਦੇਖੋ। ਮਹਾਂ : ਸ਼ਾਂਤੀ : (ਅ. ੨੬੫) ਵਿੱਚ ਅਹਿੰਸਾ ਪ੍ਰਤੀਪਾਦਨ ਕਰਦੇ ਸਪਸ਼ਟ ਕਿਹਾ ਹੈ:-

Sri Satguru Jagjit Singh Ji Elibrary NamdhariElibrary@gmail.com

(੧੧੩) ਅਹਿੰਸਾ ਸਰਵਭੂਤੇਸਿਯੁ ਧਰਮਯੇ ਜਯਾਸੀ ਮਤਾ।
ਸੁਰਾ ਸਤਸਯਾ ਮੰਧੂ ਮਾਂਸਸਾਸਵ ਕ੍ਰਸਰੋਨਮ ॥
ਧੂਰਤਾ ਪਰਵਰਤਤੰ ਹੇਸਤਨਆਤੇਦ ਵੇਦੇਸੂ ਕਲਿਪਤਮ।
ਮਾਨਾਨਸੋਰਾਚ ਲੋਭਾਚ ਲੋਲਯਮੇਤਤ ਪ੍ਰਕਲਿਤਮ।
ਵਿਸ਼ਨੂ ਮੇਵਾਭਿਜਾਨਤਿਨ ਸਰਵਯਗਏਸੂ ਬ੍ਰਾਹਮਣਾ।
ਪਾਯੇਸੈ ਸੁਮਨੋਭਿਸਚ ਤਸਯਪਿ ਯਜਨੰ ਸਮ੍ਰਤਮ ॥

ਅਰਥਾਤ ਪ੍ਰਾਣੀਆਂ ਦੀ ਹਿੰਸਾ ਨਾ ਕਰਨਾ ਹੀ ਸਭ ਧਰਮਾਂ ਵਿੱਚ ਸ਼ਰੇਸ਼ਟ ਹੈ। ਸ਼ਰਾਬ, ਮਾਂਸ, ਮੱਛੀ, ਮਦ, ਆਸਵ ਅਤੇ ਤਿਨ ਮਿਲੇ ਹੋਏ ਚੌਲਾਂ ਦਾ ਖਾਣਾ ਧੂਰਤਾਂ ਦੁਆਰਾ ਪ੍ਰਚਲਤ ਕੀਤਾ ਗਿਆ ਹੈ। ਇਹ ਸਾਰੇ ਵੇਦਾਂ ਵਿੱਚ ਨਹੀਂ ਕਿਹਾ ਗਿਆ ਹੈ ਬ੍ਰਾਹਮਣ ਲੋਕ ਸਾਰੇ ਯਗਾਂ ਵਿੱਚ ਵਿਸ਼ਨੂੰ ਨੂੰ ਹੀ ਜਾਣਦੇ ਹਨ 'ਯਗੋਂ ਵੈ : ਵਿਸ਼ਨੂੰ' ਇਹ ਆਖਿਆ ਹੀ ਗਿਆ ਹੈ। ਉਨ੍ਹਾਂ ਦੀ ਪੂਜਾ ਤਾਂ ਦੁੱਧ ਅਤੇ ਫਲਾਂ ਨਾਲ ਆਖੀ ਗਈ ਹੈ ਮਹਾ: ਅਨੁਸਾ. ਅੰ. ੧੧੫-੧੧੬ ਵਿੱਚ ਉਪਰਲੀ ਰੀਤੀ ਨਾਲ ਹੀ ਅਹਿੰਸਾ ਦਾ ਕਥਨ ਅਤੇ ਮਾਸ ਖਾਣ ਦਾ ਖੰਡਨ ਵਿਸਥਾਰ ਰੂਪ ਨਾਲ ਕੀਤਾ ਗਿਆ ਹੈ। ਅਥਵਾ ਸ਼ਾਸਤਰ ਦ੍ਰਿਸ਼ਟੀ ਨਾਲ ਮਾਂਸਾਹਾਰ ਮਨੁਖ ਮਾਤਰ ਵਾਸਤੇ ਤਿਆਗਨ ਯੋਗ ਹੈ।

ਬੁਧ ਅਥਵਾ ਜੈਨ ਧਰਮ ਦਾ ਤਾਂ ਅਧਾਰ ਹੀ ਅਹਿੰਸਾ ਪਰਮੋਧਰਮਾ' ਸਿਧਾਂਤ ਹੈ। ਜੈਨ ਮਤ ਵੀ ਬੁਧ ਮਤ ਦੇ ਇਸ ਸਿਧਾਂਤ ਨੂੰ ਅੱਖਰ ਅੱਖਰ ਸਤਿ ਮੰਨਦਾ ਹੈ ਕਿ ਸੰਸਾਰ ਦੇ ਛੋਟੇ ਤੋਂ ਛੋਟੇ ਪ੍ਰਾਣੀ ਤੋਂ ਲੇ ਕੇ ਹਾਥੀ ਆਦਿ ਵੱਡੇ ਤੋਂ ਵੱਡੇ ਜੀਵ ਨੂੰ ਵੀ ਦੁੱਖ ਨਹੀਂ ਦੇਣਾ ਚਾਹੀਦਾ।

ਯਿਸੂ ਮਸੀਹ ਆਪਣੇ ਅਨੁਆਈਆਂ ਨੂੰ ਕਹਿੰਦੇ ਹਨ

Sri Satguru Jagjit Singh Ji Elibrary NamdhariElibrary@gmail.com

ਕਿ ਤੁਸੀਂ ਖੁਦ ਦਯਾ ਕਰਨੀ ਸਿਖੋ, ਜਿਸ ਨਾਲ ਉਹ ਸਭ ਤੋਂ ਵੱਡਾ ਦਯਾਵਾਨ ਈਸ਼ਵਰ ਤੁਹਾਡੇ ਤੇ ਦਯਾ ਕਰੇ। ਕੀ ਕਦੀ ਇਹ ਵੀ ਸੰਭਵ ਹੋ ਸਕਦਾ ਹੈ ਕਿ ਕਿਸੇ ਨੂੰ ਦਯਾ ਦੀ ਸਿਖਿਆ ਦੇਣ ਦਾ ਆਸ਼ਾ ਇਹ ਹੋਵੇ ਕਿ ਕੇਵਲ ਜੀਭ ਦੇ ਸੁਆਦ ਵਾਸਤੇ ਦੂਜਿਆਂ ਦਾ ਗਲ ਕੱਟ ਕੇਆਪਣਾ ਪੇਟ ਭਰੋ।ਇਸ ਦਾ ਇਹਨਿਸ਼ਾਨਾ ਕਦੀ ਵੀ ਨਹੀਂ ਹੋ ਸਕਦਾ। ਦਯਾ ਵਾਸਤੇ ਪ੍ਰਾਰਥਨਾ ਕਰਨ ਦਾ ਅਧਿਕਾਰ ਕੇਵਲ ਉਸਨੂੰ ਹੈ ਜਿਹੜਾ ਦੂਜਿਆਂ ਤੇ ਦਯਾ ਕਰਦਾ ਹੈ। ਬਾਈਬਲ(੨੧।੧੮੬੩)ਵਿਚ ਪ੍ਰਾਣੀਆਂ ਦੇ ਵਿਸ਼ੇ ਵਿੱਚ ਆਖਿਆ ਹੈ ਕਿ ਕਿੰਨਾ ਚੰਗਾ ਹੁੰਦਾ ਜੇ ਈਸ਼ਵਰ ਦੀ ਕ੍ਰਿਪਾ ਨਾਲ ਮਨੁਖ ਜਾਤੀ ਨੂੰ ਇਹ ਗਿਆਨ ਹੁੰਦਾ ਕਿ ਜੋ ਮਨੁਖਾਂ ਨਾਲ ਬੀਤਦੀ ਹੈ ਉਹ ਹੀ ਪਸ਼ੂ ਪੰਛੀਆਂ ਨਾਲ ਵੀ। ਦੋਹਾਂ ਨੂੰ ਇੱਕ ਹੀ ਪ੍ਰਕਾਰ ਦਾ ਸੁਖ-ਦੁਖ ਹੁੰਦਾ ਹੈ। ਦੋਨਾਂ ਦੀ ਮੌਤ ਇਕ ਹੀ ਪ੍ਰਕਾਰ ਨਾਲ ਹੁੰਦੀ ਹੈ। ਸਾਰਿਆਂ ਵਿੱਚ ਇੱਕ ਹੀ ਸਵਾਸ ਚਲਦਾ ਹੈ। ਮਨੁਖ ਪਸ਼ੂਆਂ ਨਾਲੋਂ ਉਤਕ੍ਰਿਸ਼ਟ ਨਹੀਂ ਹੈ, ਕਿਉਂਕਿ ਸਭ ਦੇ ਸਭ ਇਕ ਹੀ ਜਗ੍ਹਾ ਜਾਂਦੇ ਹਨ ਅਤੇ ਇਕ ਹੀ ਜਗ੍ਹਾ ਮਿਲ ਜਾਂਦੇ ਹਨ। ਮਾਨੁਖਾਂ ਦੀ ਆਤਮਾਂ ਉਪਰ ਨੂੰ ਜਾਂਦੀ ਹੈ ਅਤੇ ਪਸ਼ੂਆਂ ਦੀ ਥੱਲੇ ਨੂੰ-ਇਹ ਕੌਣ ਜਾਣਦਾ ਹੈ ?

'ਵਿਸਮਿਲਾ ਉਰਰਹਿਮਾਨ ਉਰਰਹੀਮ' ਦਾ ਤਾਂ ਅਰਥ ਹੈ ਕਿ ਅਲਾਹ ਤਾਂ ਕ੍ਰਿਪਾਲੂਆਂ ਤੋਂ ਵੀ ਕ੍ਰਿਪਾਲੂ ਹੈ। ਪ੍ਰੰਤੂ ਇਸ ਵਾਕ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਸ਼ੂਆਂ ਦੇ ਵਧ ਵਾਸਤੇ। ਜੇ ਕਤਲ ਕਰਨਾ ਹੀ ਦਯਾ ਹੈ ਤਾਂ ਮੌਲਵੀ ਸਾਹਿਬ ਦਸਣ ਕਿ ਜ਼ੁਲਮ ਜਾਂ ਅਤਿਆਚਾਰ ਕਿਸਨੂੰ ਆਖਦੇ ਹਨ ? ਇਸ ਤੇ ਕਬੀਰ ਜੀ ਕਹਿੰਦੇ ਹਨ-'ਜਉ ਸਭ ਮਹਿ ਏਕੁ ਖੁਦਾਇ ਕਹਿਤ ਹਉ ਤਉ ਕਿਉ ਮੁਰਗੀ ਮਾਰੈ ॥

ਸ੍ਰੀ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਅਹਾਰ ਸਬੰਧੀ ਲਿਖਿਆ ਹੈ-

Sri Satguru Jagjit Singh Ji Elibrary NamdhariElibrary@gmail.com

'ਆਯੂ ਸਤ ਬਲਾਰੋਗਯ ਸੁਖ ਪ੍ਰੀਤੀ ਬਿਵਰਧਨ੍ਹਾ:
ਰਹਸਯਾ ਸਨਿਗਧਾ ਇਮਥਰਾ ਅਹਾਰ੍ਹਾ ਸਾਂਤ ਕਿ ਪ੍ਰਿਯਾ॥'

ਭਾਵ ਹੇ ਅਰਜਨ ਮੁਕਤੀ ਦੀ ਕਾਮਨਾ ਵਾਲੇ ਮਨੁਖਾਂ ਲਈ ਅਜੇਹਾ ਅਹਾਰ ਚਾਹੀਦਾ ਹੈ ਜੋ ਰਸ ਭਰਪੂਰ ਹੋਵੇ ਯਾਨੀ ਸੜਿਆ ਬਲਿਆ ਨਾ ਹੋਵੇ ਅਤੇ ਅਤਿ ਗਰਮ ਨਾ ਹੋਵੇ, ਖੁਸ਼ਕ ਨਾ ਹੋਵੇ ਅਤੇ ਮਾਸ ਮਦੁਰਾ ਵਾਲਾ ਆਦਿਕ ਨਾ ਹੋਵੇ। ਰਾਜਸੀ ਪਦਾਰਥ ਪਿਆਜ ਥੋਮ ਭੀ ਨਾ ਹੋਵੇ ਤੇ ਜਿਸ ਦੇ ਦੇਖਣ ਨਾਲ ਚਿਤ ਪ੍ਰਸੰਨ ਨਾ ਹੋਵੇ। ਐਸਾ ਭੋਜਨ ਹੋਵੇ ਜਿਹੜਾ ਆਪਣੀ ਹੱਕ ਦੀ ਕਮਾਈ ਦਾ ਹੋਵੇ ਕੋਈ ਫਰੇਬੀ ਕਮਾਈ ਨਾਲ ਬਣਿਆਂ ਨਾ ਹੋਵੇ। ਅਜੇਹਾ ਭੋਜਨ ਖਾਣ ਨਾਲ ਹਿਰਦਾ ਛੇਤੀ ਸ਼ੁਧ ਹੋ ਜਾਂਦਾ ਹੈ। ਸਾਮ ਵੇਦ ਦੀ ਛਾਂਦੋਗ ਦੇ ਅੱਠਵੇਂ ਅਧਿਆਇ ਵਿਚ ਸੰਤਕੁਮਾਰ ਜੀ ਨਾਰਦ ਨੂੰ ਕਹਿੰਦੇ ਹਨ ।

"ਅਹਾਰ ਸੁਧੌਓਂ ਸਤ ਸੁਧੀ ।"

ਭਾਵ-ਅਹਾਰ ਸ਼ੁਧ ਹੋਣ ਤੇ ਅੰਤਾਕਰਣ ਸ਼ੁਧ ਹੁੰਦਾ ਹੈ। ਇਸ ਵਾਸਤੇ ਮਾਸ ਆਦਿ ਜੋ ਰਾਖਸ਼ਾਂ ਦੇ ਖਾਣੇ ਹਨ ਸੋ ਕਲਿਕਾਣ ਦੇ ਮਹਾਂ ਪ੍ਰਤੀ ਬੰਧਕ ਹਨ । ਕਿਉਂਕਿ ਮਨੁਖਾਂ ਵਾਸਤੇ ਕਿਸੇ ਸ਼ਾਸਤ੍ਰ ਵਿੱਚ ਵੀ ਮਾਸ ਖਾਣਾ ਨਹੀਂ ਲਿਖਿਆ । ਜਿਥੇ ਗੁਰੂ ਜੀ ਨੇ ਛੱਤੀ ਪ੍ਰਕਾਰ ਦੇ ਪਦਾਰਥ ਲਿਖੇ ਹਨ॥

''ਜਿਹ ਪ੍ਰਸਾਦਿ ਛਤੀ ਅੰਮ੍ਰਿਤ ਖਾਹਿ ॥
ਤਿਸ ਠਾਕਰ ਕੋ ਰਖ ਮਨ ਮਾਹਿ ॥')

ਵਿਦਵਾਨ ਲੋਕ ਛੱਤੀ ਪਦਾਰਥਾਂ ਵਿਚ ਮਾਸ ਨਹੀਂ ਗਿਣਦੇ। ਕਈ ਮਨੁਖ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ਵਾਲੇ ਸ਼ਬਦ ਦੀ ਗਲਤ ਵਿਆਖਿਆ ਕਰਦੇ ਹਨ ਹਨ। ਇਸ ਦਾ ਮੁਖ ਅਰਥ ਤਾਂ ਇਹ ਹੈ ਕਿ ਮਾਸ ਨਾਮ ਮਾਇਆ ਦਾ ਹੈ ਅਤੇ

Sri Satguru Jagjit Singh Ji Elibrary NamdhariElibrary@gmail.com

ਮਾਇਆ ਤੋਂ ਹੀ ਸਾਰੇ ਪਦਾਰਥ ਪੈਦਾ ਹੋਏ ਅਤੇ ਮਾਇਆ ਦੇ ਅੰਦਰ ਹੀ ਲੀਨ ਹੋ ਜਾਂਦੇ ਹਨ ਜਿਹੜੇ ਪੁਰਖ ਇਸ ਸ਼ਬਦ ਦਾ 'ਮਾਂਸ' ਅਰਥ ਕਰਦੇ ਹਨ ਉਹਨਾਂ ਨੂੰ ਇਹ ਪੁਛਿਆ ਜਾਏ ਕਿ ਜੋ ਇਸ ਵਿਚ ਮਾਸ ਖਾਣ ਵਲ ਇਸ਼ਾਰਾ ਕੀਤਾ ਹੈ ਤਦ ਮਾਸ ਤਾਂ ਜੀਵ ਨੂੰ ਮਾਰ ਕੇ ਬਣਦਾ ਹੈ ਗੁਰੂ ਜੀ ਤੇ ਜੀਵ ਹਤਿਆ ਦੇ ਸਦਾ ਵਿਰੁਧ ਰਹੇ ਹਨ।

ਜੇ ਤੁਸੀਂ ਅਜੇਹਾ ਹੱਠ ਕਰਦੇ ਹੋ ਤਾਂ ਹੋਰ ਕਈ ਜਗਹ ਗੁਰੂ ਜੀ ਨੇ ਖੰਡਨ ਕੀਤਾ ਹੈ ਮਾਸ ਖਾਣ ਦਾ। ਇਸ ਵਾਸਤੇ ਇਕ ਕਰਤਾ ਦੇ ਵਾਕਾਂ ਵਿਚ ਵਿਰੋਧ ਆ ਜਾਵੇਗਾ ਜੇ ਇਸ ਵਾਕ ਵਿਚ ਮਾਸ ਖਾਣ ਦਾ ਮੰਡਨ ਕੀਤਾ ਜਾਵੇ। ਕਿਉਂਕਿ ਹੋਰ ਬਹੁਤੇ ਥਾਈਂ ਮਾਸ ਖਾਣ ਦਾ ਨਿਖੇਧ ਕੀਤਾ ਗਿਆ ਹੈ। ਜਿਵੇਂ ਕਿ ਮਾਝ ਰਾਗ ਵਿੱਚ ਲਿਖਿਆ ਹੈ। "ਜੇ ਰਤ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥" 'ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ', 'ਕਬੀਰ ਭਾਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ। 'ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥'

ਦਸਮੇਸ਼ ਗੁਰੂ ਜੀ ਦਾ ਵੀ ਮਾਸ ਖਾਣ ਵਾਸਤੇ ਕੋਈ ਵਾਕ ਨਹੀਂ ਅਤੇ ਸ਼ਿਕਾਰ ਵੀ ਉਹਨਾਂ ਜਾਨਵਰਾਂ ਦਾ ਕਰਨ ਵਾਸਤੇ ਲਿਖਿਆ ਹੈ ਜੇਹੜੇ ਦੂਸਰੇ ਜੀਵਾਂ ਨੂੰ ਮਾਰਦੇ ਹਨ ਅਤੇ ਜਿਨ੍ਹਾਂ ਦਾ ਮਾਸ ਖਾਣ ਦੇ ਕੰਮ ਨਹੀਂ ਆਉਂਦਾ ਜਿਵੇਂ ਸ਼ੇਰ ਬਘੇਲੇ ਆਦਿਕ।

ਕੁਰਾਨ ਸ਼ਰੀਫ ਵਿੱਚ ਲਿਖਿਆ ਹੈ 'ਜਾਨ ਦੇ ਬਦਲੇ ਜਾਨ ਦੇਣੀ ਪੈਂਦੀ ਹੈ ਕੰਨ ਦੇ ਬਦਲੇ ਕੰਨ ਦੇਣਾ ਪੈਂਦਾ ਹੈ ਅਤੇ ਅੱਖ ਦੇ ਬਦਲੇ ਅੱਖ ਦੇਣੀ ਪੈਂਦੀ ਹੈ।' ਮਿਸਕਾਤ ਕਿਤਾਬ ਦੇ ਚੌਥੇ

ਹਿਸੇ ਵਿੱਚ ਲਿਖਿਆ ਹੈ ਜਦੋਂ ਪੈਗੰਬਰ ਖੁਦਾ ਨੂੰ ਮਿਲਣ ਗਿਆ ਤਾਂ ਰਾਹ ਵਿਚ ਮੁਸਲਮਾਨੀ ਔਰਤ ਨਰਕ ਵਿਚ ਪਈ ਵੇਖੀ ਤਾਂ ਉਹਨਾਂ ਨੇ ਨਰਕ ਦੇ ਦਰੋਗੇ ਨੂੰ ਪੁਛਿਆ ਇਹ ਨਰਕ ਵਿਚ ਕਿਉਂ ਪਈ ਹੈ ਤਾਂ ਉਸ ਨੇ ਕਿਹਾ ਇਸ ਨੇ ਆਪਣੇ ਘਰ ਵਿੱਚ ਇਕ ਬਿੱਲੀ ਬੰਨ੍ਹ ਕੇ ਭੁਖੀ ਮਾਰ ਦਿਤੀ ਸੀ।'

ਸੋ ਕੁਰਾਨ ਤੋਂ ਲੈ ਕੇ ਗ੍ਰੰਥ ਸਾਹਿਬ ਤੱਕ ਨਾ ਤਾਂ ਜੀਵ ਮਾਰਨ ਦੀ ਕਿਸੇ ਨੂੰ ਆਗਿਆ ਹੈ ਤੇ ਨਾ ਹੀ ਮਾਸ ਖਾਣ ਦੀ। ਇਸ ਵਾਸਤੇ ਜੋ ਪੁਰਸ਼ ਕਲਿਆਣ ਦੀ ਇੱਛਾ ਰੱਖਣ ਵਾਲਾ ਹੈ ਉਹ ਮਾਸ ਆਦਿਕ ਰਾਖਸ਼ੀ ਖਾਣਾ ਛੱਡ ਦੇਵੇ ਅਤੇ ਦਇਆ ਰੂਪੀ ਧਰਮ ਨੂੰ ਧਾਰ ਕੇ ਆਪਣੀ ਕਲਿਆਣ ਦਾ ਸਾਧਨ ਕਰੇ ਅਤੇ ਈਸ਼ਵਰ ਨੂੰ ਆਪਣੀ ਆਤਮਾ ਰੂਪ ਜਾਣ ਕੇ ਚਿੰਤਨ ਕਰੇ।

Sri Satguru Jagjit Singh Ji Elibrary NamdhariElibrary@gmail.com

# "ਮਾਸ ਅਤੇ ਸਿਖ"

ਸ੍ਰੀ ਸੰਤੋਖ ਸਿੰਘ (ਜਮਨਾ ਨਗਰ)

ਸਿਖ ਧਰਮ ਵਿਚ ਕੁਝ ਮਸਲਿਆਂ ਵਿਚੋਂ ਇਕ ਇਹ ਮਹਾਨ ਮਸਲਾ ਹੈ ਕਿ ਮਾਸ ਖਾਣਾ ਜਾਇਜ਼ ਹੈ ਜਾਂ ਨਹੀਂ। ਆਓ ! ਜ਼ਰਾ ਸੋਚੀਏ, ਕਿ ਕੀ ਕਿਸੇ ਵੀ ਗੁਰੂ ਸਹਿਬਾਨ ਨੇ ਸਿਖਾ ਨੂੰ ਜਾਂ ਹੋਰ ਧਰਮਾਂ ਵਾਲਿਆਂ ਨੂੰ ਮਾਸ ਖਾਣ ਦਾ ਹੁਕਮ ਦਿਤਾ ? ਜਾਂ ਦਸਾਂ ਗੁਰੂਆਂ ਦੇ ਸਮੇਂ ਮਾਸ ਖਾਣਾ ਉਚਿਤ ਮੰਨਿਆ ਗਿਆ ? ਜਾਂ ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਖਾਣ ਤੋਂ ਰੋਕਿਆ । ਗੁਰਬਾਣੀ ਅਤੇ ਪੁਰਾਣੇ ਇਤਿਹਾਸਾਂ ਦੇ ਅਨੁਸਾਰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਾਂਹ ਵਿਚ ਮਿਲੇਗਾ। ਇਤਨਾ ਕੁਝ ਹੁੰਦਿਆਂ ਹੋਇਆਂ ਵੀ ਮਾਸ ਖਾਣਾ ਪ੍ਰਚਲਤ ਕਿਉਂ ਹੋਇਆ ? ਕਿਉਂ ਸਿਖ ਧਰਮ ਆਪਣੇ ਗੁਰੂਆਂ ਦੇ ਪਵਿਤ੍ਰ ਹੁਕਮਾਂ ਤੋਂ ਦੁਰੇਡਾ ਹੁੰਦਾ ਗਿਆ ਅਤੇ ਅਜ ਵੀ ਇਸ ਦੀ ਨਿਖੇਧੀ ਪੂਰੇ ਜ਼ੋਰ ਨਾਲ ਸਾਰੇ ਸਿਖ ਧਰਮ ਵਲੋਂ ਕਿਉਂ ਨਹੀਂ ਹੋ ਰਹੀ ? ਇਹ ਮਹਾਨ ਗਿਰਾਵਟ ਸਿੱਖਾਂ ਵਿਚ ਕਦੋਂ ਆਈ ?

ਸਭ ਤੋਂ ਪਹਿਲਾਂ ਇਹ ਦਸਣਾ ਜ਼ਰੂਰੀ ਹੈ ਕਿ ਸਿਖਾਂ ਵਿਚ ਮਾਸ ਖਾਣਾ ਕਦੋਂ ਸ਼ੁਰੂ ਹੋਇਆ। ਇਸ ਬਾਬਤ ਪੰਥ ਪ੍ਰਕਾਸ਼ ਵਿਚ ਦਸਿਆ ਗਿਆ ਹੈ ਕਿ ਦਸਵੇਂ ਗੁਰੂ ਜੀ ਤੋਂ ਲੈਕੇ ਬੰਦਾ ਬਹਾਦਰ ਤੋਂ ਬਾਦ ਵੀ ਸਿਖਾਂ ਵਿਚ ਇਹ ਗਿਰਾਵਟ ਨਹੀਂ ਆਈ। ਸਿਖਾਂ ਨੇ ਆਪਣੀ ਧਾਰਮਕ ਨੀਤੀ ਤੋਂ ਉਲਟ ਇਹੋ ਜਿਹਾ ਕੋਈ ਕੰਮ ਨਹੀਂ ਕੀਤਾ।

Sri Satguru Jagjit Singh Ji Elibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:–

"ਜੀਵਕਾ ਪਿਗੰਬਿਰੀ ਥੀ, ਅਬੰਰੀ ਰਖਤ ਚਾਲ,
ਕਬੰਰੀ ਪਟੰਬਰੀ ਤੇ ਅਧਿਕ ਸਭੰਾਰਤੇ।
ਰਾਗ ਸਾਗ ਖਾਇਕੈ ਦਰਾਜ ਕਾਜ ਕੀਨ ਆਛੇ,
ਧਰਮ ਅਧਰਮ ਸੁਕਰਮ ਵਿਚਾਰਤੇ।"

ਅਰਥਾਤ ਰਾਗ ਸਾਗ ਖਾਣ ਵਾਲੇ ਗੁਰਸਿਖਾਂ ਦੀਆਂ ਘਾਲਾਂ ਅਤੇ ਕੁਰਬਾਨੀਆਂ ਸਦਕਾ ਸਿਖ ਰਾਜ ਕਾਇਮ ਹੋਇਆ। ਪਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਤੋਂ ਬਾਦ ਡੋਗਰਾ-ਸ਼ਾਹੀ ਕਮਾਣ ਹੇਠ ਪੰਜਾਬ ਵਿਚ ਇਸਦਾਪਤਨ ਹੋਣਾ ਸ਼ੁਰੂ ਹੋਇਆ। ਗੁਰਸਿਖੀ ਦਾ ਨਾਂ-ਨਿਸ਼ਾਨ ਮਿਟਣ ਲਗਾ ਅਤੇ ਅੰਗਰੇਜ਼ੀਅਤ ਆਪਣੇ ਪੈਰ ਪਕੇ ਕਰਨ ਲਗੀ। ਇਹ ਸਮਾਂ ਸੀ ਜਦੋਂ ਸਿੱਖਾਂ ਨੇ ਅੰਗਰੇਜ਼ਾਂ ਨੂੰ, ਅੰਗਰੇਜ਼ੀ ਮੱਤ ਨੂੰ, ਅੰਗਰੇਜ਼ੀ ਰਿਵਾਜਾਂ ਨੂੰ ਜੀ–ਆਇਆਂ ਆਖਿਆ ਅਤੇ ਅੰਗਰੇਜ਼ਾਂ ਵਾਂਗ ਸਿੱਖਾਂ ਨੇ ਵੀ 'ਮਾਸ ਖਾਣ' ਨੂੰ ਗ੍ਰਹਿਣ ਕੀਤਾ। 'ਪੰਥ ਪ੍ਰਕਾਸ਼' ਇਸ ਸਮੇਂ ਦੀ ਤਸਵੀਰ ਇਉਂ ਖਿੱਚਦਾ ਹੈ।

"ਔਰੈ ਰੀਤ, ਔਰੇਂ ਮੀਤ, ਔਰੇਂ ਪ੍ਰਤੀਤ ਪ੍ਰੀਤ,
ਖਾਨ, ਪਹਿਰਾਨ ਗਿਆਨ ਮਾਨ ਔਰੈਂ ਜਨਕੈ।"

ਸਿਖਾਂ ਦੇ ਲੜਕਿਆਂ ਨੇ ਆਪਣੇ ਧਰਮ ਨੂੰ ਉੱਚਾ ਉਠਾਉਣ ਦੀ ਥਾਂ ਗਿਰਾਵਟ ਵੱਲ ਲਿਆਦਾਂ।। 'ਗ੍ਰੰਥ ਸਾਹਿਬ' ਦੀਆਂ ਬੀੜਾਂ ਅਲਮਾਰੀਆਂ ਵਿਚ ਕੈਦ ਹੋ ਗਈਆਂ। ਮਹਾਂ ਪੁਰਖ ਜਾਂ ਤਾਂ ਚਲ ਬਸੇ ਅਤੇ ਜਾਂ ਫਿਰ ਚੁਪਚਾਪ ਦਿਨ-ਕਟੀ ਕਰਨ ਲਗੇ। ਇਸ ਸਮੇਂ ਕੌਣ ਸੀ ਜੋ ਸਿਖਾਂ ਨੂੰ ਗਿਰਾਵਟਾਂ ਤੋਂ ਬਚਾਉਂਦਾ? ਇਹ ਠੀਕ ਹੈ ਕਿ ਸਤਿਗੁਰਾਂ ਦਾ ਹੁਕਮ ਸੀ ਕਿ ਮਾਸ ਨਹੀਂ

Sri Satguru Jagjit Singh Ji Elibrary NamdhariElibrary@gmail.com

ਵਰਤਣਾ ਪਰ ਕੋਈ ਹੁਕਮ ਸੁਣਾਉਣ ਵਾਲਾ ਵੀ ਹੁੰਦਾ। ਗੁਰਬਾਣੀ ਉਸ ਤਰ੍ਹਾਂ ਹੀ ਨਹੀਂ ਸੀ ਪੜ੍ਹੀ ਜਾਂਦੀ । ਫਿਰ ਇਹ ਰੀਤ ਸਿਖ ਧਰਮ ਵਿਚ ਨਾ ਚਲਦੀ ਤਾਂ ਹੋਰ ਕੀ ਹੋਣਾ ਸੀ ਜਦੋਂ ਕਿ ਅੰਗਰੇਜ਼ ਸਿੱਖਾਂ ਨੂੰ ਇਸ ਚਿਕੱੜ ਵਿਚ ਧਕੇਲ ਰਹੇ ਸਨ। ਇਸ ਨਾਜ਼ਕ ਸਮੇਂ ਪੰਜਾਬ ਦੀ ਹਾਲਤ ਡਾਂਵਾ ਡੋਲ ਸੀ । ਧਰਮ ਤੋਂ ਨੱਸੇ ਹੋਏ ਸਿਖਾਂ ਵਿਚ ਆਜ਼ਾਦੀ ਦੀ ਸਪਿਰਿਟ ਕਦੋਂ ਆਉਣੀ ਸੀ ? ਖੈਰ ! ਅੰਗਰੇਜ਼ਾਂ ਨੇ ਆਪਣੇ ਧਰਮ ਨੂੰ ਫੈਲਾਉਣ ਦੇ ਜਤਨ ਅਰੰਭ ਦਿਤੇ ।

ਹਜ਼ੂਰੋਂ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਦੀ ਰਖਵਾਲੀ ਗੁਰੂ ਬਾਲਕ ਸਿੰਘ ਜੀ ਕਰ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘਜੀ ਨੂੰ ਗੱਦੀਮਿਲਣ ਤੋਂ ਬਾਦ ਸਿਖੀ-ਅਸੂਲ ਪੰਜਾਬ ਵਿਚ ਵੀ ਮੰਨੇ ਜਾਣ ਲਗੇ। ਆਪ ਨੇ ਮਾਸ ਸ਼ਰਾਬ ਵਿਰੁਧ ਏਨੀ ਕਰੜੀ ਮੁਹਿੰਮ ਸ਼ੁਰੂ ਕੀਤੀ ਕਿ ਥੋੜੇ ਸਮੇਂ ਵਿਚ ਹੀ ਸਿਖਾਂ ਨੇ ਅਸਲੀ ਮੰਤਵ ਨੂੰ ਪਹਿਚਾਨਿਆ ਅਤੇ ਸਿਖ–ਰੂਪ ਫੁਲਵਾੜੀ ਹੋਂਦ ਵਿਚ ਆਈ। ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਇਸ ਸਮੇਂ ਨੂੰ ਮੁਖ ਰਖਕੇ ਲਿਖਦੇ ਹਨ:–

ਕਬਿੱਤ ।।

"ਹੁਕੇ ਛੁਡਵਾਏ, ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕ ਥੀਏ ਸਿੱਖ ਭਾਗ ਜਿਨੇਂ ਜਾਗਿਓ।
ਫੈਲਿਓ ਜਸ ਭਾਰੀ ਸਿੱਖ ਥੀਏ ਤਾਹਿ ਕੇ ਅਪਾਰੀ,
ਸਿਖ ਪੰਥ ਬਿਰਧਾਇਓ ਨਾਮ ਰਸ ਪਾਗਿਓ।

... ... ... ... ... ... ... ...

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤੱਜ ਥੀਏ ਸੰਤ ਸਤਿਜੁਗ ਆ ਗਿਓ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰਹਿਤਨਾਮੇ ਵਿਚ ਸਿੱਖਾਂ

ਨੂੰ ਤਾਕੀਦ ਕੀਤੀ, 'ਦਾਰੂ ਮਾਸ ਨਹੀਂ ਖਾਣਾ ਪੀਣਾ ਖੌਫ ਰਖਣਾ ਗੁਰੂ ਦਾ ਹਰਿ ਦਮ ।।' ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਨੂੰ ਪੁਨਰ ਸੁਰਜੀਤ ਕੀਤਾ ।

ਜ਼ਫਰ ਨਾਮੇ ਵਿਚ ਦਸਮ ਪਾਤਸ਼ਾਹ ਜੀ ਫੁਰਮਾਉਂਦੇ ਹਨ:–

"ਮਜਨ ਤੇਗ਼ ਬਰ ਖੂਨਿ ਕਸਬੇ ਦਰੇਗ਼
ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ ਰੇਗ਼ ।"

ਰਾਮਕਲੀ ਪਾਤਸ਼ਾਹੀ ੧੦ ਵਿਚ ਲਿਖਿਆ ਹੈ:–

"ਅਲਪ ਅਹਾਰ ਸੁਲਪਸੀ ਨਿੰਦ੍ਰਾ ਦਯਾਛਿਮਾਤਨ ਪ੍ਰੀਤ ।'

ਹੁਣ ਉਹ ਸਿਖ ਜ਼ਰਾ ਵਿਚਾਰ ਕਰਨ ਜਿਹੜੇ ਇਹ ਆਖਦੇ ਹਨ ਕਿ ਦਸਵੇਂ ਗੁਰੂ ਜੀ ਨੇ ਮਾਸ ਖਾਣ ਦਾ ਹੁਕਮ ਦਿਤਾ ਹੈ । ਕੀ ਇਹਦਾ ਕੋਈ ਸਬੂਤ ਵੀ ਹੈ ? ਭ : ਰਣਧੀਰ ਸਿੰਘ ਜੀ, ਜਿਹੜੇ ਕਿ ਨਾਮਧਾਰੀ ਨਹੀਂ, ਆਪਣੀ ਰਚਨਾ ਪੁਸਤਕ "ਝਟਕਾ ਮਾਸ ਪ੍ਰਥਾਇ" ਵਿਚ ਇਕ ਸਿੱਖ ਨਿਝਕ ਸਿੰਘ ਦੇ ਇਕ ਸਵਾਲ ਦੇ ਜਵਾਬ ਵਿਚ ਲਿਖਦੇ ਹਨ:–

"(ਗੁਰ ਪਰਸਾਦ ਸਿੰਘ) ਮਨ ਆਈਆਂ ਹੀ ਨਹੀਂ ਆਪਣੀ ਰੁਚੀ ਦੀਆਂ ਗੱਲਾਂ ਲਿਖ ਦਿਆ ਕਰਦੇ ਹਨ । ਆਪਣੀਆਂ ਵਾਦੀਆਂ ਨੂੰ ਇਸ ਤਰ੍ਹਾਂ ਦੇ ਪਰਸੰਗਾਂ ਦੇ ਪਰਦੇ ਹੇਠ ਢਕਦੇ ਹਨ । ਜਿਨ੍ਹਾਂ ਨੂੰ ਅਫੀਮ ਖਾਣ ਦੀ ਵਾਦੀ ਪਈ ਹੋਈ ਹੁੰਦੀ ਹੈ, ਉਹ ਨਿਸੰਗ ਅਤੇ ਨਿਰਲੱਜ ਹੋ ਕੇ ਆਪਣੇ ਲਿਖੇ ਇਤਿਹਾਸ ਵਿਚ ਲਿਖ ਦਿੰਦੇ ਹਨ ਕਿ ਗੁਰੂ ਦਸਮੇਸ਼ ਜੀ ਭੀ ਅਫੀਮ ਖਾਇਆ ਕਰਦੇ ਸਨ । ਜਿਨ੍ਹਾਂ ਨੂੰ ਭੰਗ ਪੀਣ ਦੀ ਵਹਿਦਤ ਚਮੜੀ ਹੋਈ ਹੈ, ਉਹ ਸਤਿਗੁਰੂ ਜੀ ਨੂੰ ਭੰਗ ਦਾ ਹੀ ਭੋਗ ਲੁਆਂਦੇ ਹਨ ਅਤੇ ਮੂੰਹ ਪਾੜ-ਪਾੜ ਕੇ ਆਖਦੇ ਹਨ ਕਿ ਸਤਿਗੁਰੂ ਨੇ ਖੁਦ ਭੰਗ ਪੀਤੀ ਅਤੇ ਭੋਗ ਲੁਆਏ । ਇਸੇ ਤਰ੍ਹਾਂ ਮਾਸਖੋਰੇ ਇਤਿਹਾਸਕਾਰਾਂ ਨੇ

Sri Satguru Jagjit Singh Ji Elibrary NamdhariElibrary@gmail.com

ਮਾਸ ਖਾਣ ਦੇ ਕਈ ਪਰਸੰਗ ਭੀ ਇਤਿਹਾਸ ਵਿਚ ਜੜ ਦਿਤੇ। ਮਾਸ-ਹਾਰੀ ਤੇ ਸ਼ਿਕਾਰ ਦੇ ਵਹਿਦਤਾਰੀ ਤਾਂ ਝਟਕੇ ਹਲਾਲ ਦੇ ਹਦ ਬੰਨੇ ਦੀ ਕੈਦ ਨੂੰ ਭੀ ਟਪ ਖਿੜੌਂਦੇ ਹਨ। ਆਪਣੀ ਫਿਟੀ ਨੀਯਤ ਨੂੰ ਫੰਗ ਲਾਉਣ ਲਈ ਗੁਰੂ ਸਹਿਬਾਨ ਨੂੰ ਭੀ ਉਹ ਅਭੱਖ ਭਖ ਬਣਾ ਦਿੰਦੇ ਹਨ। ਲਾਅਨਤ ਹੈ ਉਹਨਾਂ ਦੀ ਇਸ ਅਕਲ ਤੇ।"

ਮਾਸ ਦਾ ਹੀ ਦੂਸਰਾ ਨਾਂ ਝਟਕਾ ਕਹਿਣ ਤੇ ਕਰਨ ਵਾਲੇ ਸਿਖਾਂ ਲਈ ਇਸੇ ਪੁਸਤਕ ਵਿਚ ਲਿਖਿਆ ਹੈ।

":ਅਸਲ ਗੱਲ ਇਹ ਹੈ ਕਿ ਝਟਕਾ ਉਨ੍ਹਾਂ ਵਕਤਾਂ ਵਿਚ ਵਰਤੀਂਦਾ ਹੀ ਨਹੀਂ ਸੀ। ਦਸਾਂ ਗੁਰੂ ਸਾਹਿਬਾਂ ਦੇ ਸਮੇਂ ਤਕ ਇਹ ਫਿੱਟਕ ਸਿੱਖਾਂ ਅੰਦਰ ਵਗੀ ਨਹੀਂ ਸੀ। ਜੇ ਵਗੀ ਹੁੰਦੀ ਤਾਂ ਜ਼ਰੂਰ ਝਟਕਾ ਖ਼ੋਰਾਂ ਨੂੰ ਵੀ ਮੂੰਹ ਮੂੰਹ ਪੈਂਦੀਆਂ, ਜਿਹਾ ਕਿ ਅਗਾਂਹ ਚਲ ਕੇ ਮਾਸਾਹਾਰੀ ਸਿੱਖਾਂ ਨੂੰ ਪੈਂਦੀਆਂ ਪ੍ਰਤੀਤ ਕਰਾਵਾਂਗੇ।"

ਅਗੇ ਜਾ ਕੇ ਸ੍ਰ: ਰਣਧੀਰ ਸਿੰਘ ਜੀ ਲਿਖਦੇ ਹਨ:—

"ਸੋ ਗੁਰਮਤਿ ਅੰਦਰ ਤਾਂ ਕਿਸੇ ਪ੍ਰਕਾਰ ਦੇ ਜੀਵ ਨੂੰ ਕਿਸੇ ਤਰ੍ਹਾਂ ਵੀ ਮਾਰ ਕੇ ਖਾਣਾ ਜਾਇਜ਼ ਨਹੀਂ। ਜੀਵਾਂ ਦੇ ਜ਼ੋਰ ਕਰ ਮਾਰਨ ਸੰਘਾਰਨ ਨੂੰ ਨਿੰਦਤ ਦਸਣਾ ਤਾਂ ਇਕ ਪਾਸੇ ਰਿਹਾ, ਗੁਰੂ ਸਾਹਿਬ ਤਾਂ ਜੀਵਾਂ ਨੂੰ ਦੁਖ ਦੇਣੋਂ ਭੀ ਸਿੱਖਾਂ ਨੂੰ ਰੋਕਦੇ ਹਨ। ਜਿਹਾ ਕਿ ਗੁਰਵਾਕ ਹੈ:—

"ਦੁਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ।"

ਉਪਰਲੀਆਂ ਸਤਰਾਂ ਬਿਨਾਂ ਕਿਸੇ ਪਖਪਾਤ ਦੇ ਲਿਖੀਆਂ ਗਈਆਂ ਹਨ, ਜਿਨ੍ਹਾਂ ਚੋਂ ਗੁਰਮਤਿ ਅਤੇ ਸਿੱਖੀ ਦੇ ਅਸੂਲ ਸਾਫ ਨਜ਼ਰ ਆਉਂਦੇ ਹਨ।

Sri Satguru Jagjit Singh Ji Elibrary NamdhariElibrary@gmail.com

੧੨ ਮਾਘ ੧੯੯੭ ਦੇ ਸਤਿਜੁਗ ਦੇ ਬਸੰਤ ਨੰਬਰ ਵਿਚ 'ਸੁਆਮੀ ਸੁਤੰਤ੍ਰਾ ਨੰਦ ਜੀ' ਆਪਣੇ ਲੇਖ "ਸਤਿਗੁਰੂ ਰਾਮ ਸਿੰਘ ਔਰ ਸਾਤ੍ਵਕ ਭੋਜਨ" ਵਿਚ ਲਿਖਦੇ ਹਨ:-

"ਏਸ ਹਾਲ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਸੁਆਮੀ ਦਯਾ ਨੰਦ ਜੀ ਇਕੋ ਵਿਚਾਰ ਦੇ ਹਨ।" 'ਸਤਯਾਰਥ ਪ੍ਰਕਾਸ਼' ਵਿਚ ਸੁਆਮੀ ਜੀ ਨੇ ਲਿਖਿਆ ਹੈ:-

"ਮਦਯ ਮਾਂਸਾਦਿ ਕੇ ਸੇ ਅਲਗ ਰਹੇਂ ॥" ( ਪੰਨਾ ੩੧ ) "ਮਦਯ ਮਾਂਸਾਦਿ ਵਰਜਤ ਹੋ ਕਰ ਆਤਮਾ ਹੀ ਕੇ ਸਹਾਇ ਸੇ ਉਪਦੇਸ ਕੇ ਲੀਏ ਸਦਾ ਵਿਚਰਤਾ ਰਹੇ।"(ਪੰਨਾ ੧੩੪) "ਜੋ ਲੋਗ ਮਾਸ ਭਛਣ ਔਰ ਮਦਯ ਪਾਨ ਕਰਤੇ ਹੈਂ ਉਨਕੇ ਸਰੀਰ ਔਰ ਵੀਰ ਯਾਦਿ ਧਾਤੂ ਭੀ ਦੁਰਗੰਧਾਦਿ ਸੇ ਦੂਸ਼ਤ ਹੋਤੇ ਹੈਂ। ਮਦਯ ਮਾਸ ਕਾ ਗ੍ਰਹਿਣ ਕਦਾਪਿ ਭੂਲ ਕਰ ਭੀ ਨ ਕਰੇਂ।" ( ਪੰਨਾ ੧੭੨ )

ਇਹ ਵਿਚਾਰ ਹਨ ਆਰੀਆ-ਸਮਾਜ ਦੇ ਸੁਆਮੀ ਜੀ ਦੇ। ਇਸੇ ਹੀ ਤਰ੍ਹਾਂ ਹਿੰਦੂ ਧਰਮ ਦੇ ਵੇਦਾਂ, ਸ਼ਾਸਤਰਾਂ ਵਿਚ ਮਾਸ ਖਾਣਾ ਵਿਵਰਜਤ ਹੈ। 'ਸਤਿਜੁਗ ਦਾ ਸੰਤ ਅੰਕ' ੨੦ ਭਾਦਰੋਂ ਸੰਮਤ ੧੯੯੮ ਵਿਚ ਨਾਮਧਾਰੀ ਸੰਤ ਤੇ ਅਹਿੰਸਾ ਦੇ ਸਿਰਲੇਖ ਹੇਠ ਗਿਆਨੀ ਤੇਜਾ ਸਿੰਘ ਜੀ ਨੇ ਵੇਦਾਂ ਦੇ ਪ੍ਰਮਾਨ ਦਿਤੇ ਹਨ ਅਤੇ ਸਿੱਧ ਕੀਤਾ ਹੈ ਕਿ ਮਾਸ ਖਾਣਾ ਬੁਰਾ ਹੈ। ਯੁਜਰ ਵੇਦ ਵਿਚ ਲਿਖਿਆ ਹੈ :-

"ਯਸਤੂ ਸਰਵਾਣਿ ਭੂਤਾਨੀ ਆਤਮ ਨੇਵਾਨੁ ਪਸਯਤਿ ॥
ਸ੍ਰਵ ਭੂਤੇਸੂ ਚਾਤ ਮਾਨੰ ਤਤੋ ਨ ਚਿਕਿਤਸਤਿ ॥"

ਅਰਥਾਤ ਆਪਣੇ ਆਤਮਾ ਵਿਖੇ ਸਭ ਜੀਵ ਆਤਮਾਂ ਨੂੰ ਅਤੇ ਸਭ ਜੀਵ ਆਤਮਾਂ ਵਿਚ ਆਤਮ ਨੂੰ ਵੇਖੋ।

Sri Satguru Jagjit Singh Ji Elibrary NamdhariElibrary@gmail.com

ਅਥਰਵ ਵੇਦ ਵਿਚ ਲਿਖਿਆ ਹੋਇਆ ਹੈ:-

"ਯਦਿ ਨੋ ਗਾਂ ਹਿਸਿ ਯਦਿ ਅਸ੍ਵੰ ਯਦਿ ਪੂਰੂ ਸਮ੍ਹ॥
ਤੋ ਤ੍ਵ ਸੀਸੇਨ ਵਿਧਯਾਮੋ ਯਥਾਨੋ ਮਾਸੋ ਅਵੀਰਹ: ॥"

ਰਾਜਾ ਨੂੰ ਪ੍ਰਮਾਤਮਾ ਉਪਦੇਸ਼ ਕਰਦਾ ਹੈ ਕਿ ਹੇ ਰਾਜਾ। ਜੋ ਆਦਮੀ ਤੇਰੀਆਂ ਗਊਆਂ ਨੂੰ ਮਾਰਦਾ ਹੈ, ਉਸ ਨੂੰ ਘੋੜੇ ਆਦਿਕ ਦਾ ਮਾਰਨ ਵਾਲਾ ਸਮਝ ਕੇ ਗੋਲੀ ਨਾਲ ਮਾਰ ਦਿਓ।

"ਕ੍ਰਵਯਾਧਮ ਅਰਾਨੇ ਰਧਿਚੰ ਪਿਸਾਚੇ ਮਨੋ ਹਨੰ ਜਹਿਜਾਤ ਵੇਦ:॥
ਤ੍ਵੰ ਇੰਦ੍ਰੋ ਵਾਜੀ ਵਜਰੇਣ ਛਿਤ੍ਵ ਸੋਮਾ: ਸ਼ਿਰੋ ਅਸਯ ਧ੍ਰਿਸ਼ੇਣ੍ਵ॥"

ਅਰਥਾਤ ਹੇ ਰਾਜਾ, ਭਗਵਾਨ ਨੇ ਆਗਿਆ ਦਿਤੀ ਹੈ ਕਿ ਜੋ ਤੇਰੇ ਰਾਜ ਵਿਚ ਮਾਸ ਖਾਣ ਵਾਲੇ,ਦੂਜਿਆਂ ਦੇ ਮਨਾਂ ਨੂੰ ਦੁਖੀ ਕਰਨ ਵਾਲੇ, ਰਾਖਸ਼ ਹਨ, ਅਜੇਹੇ ਲੋਕਾਂ ਨੂੰ ਸਿਰ ਕੱਟ ਕੇ ਮਾਰ ਦੇ ਤਾਕਿ ਦੁਖ ਦੇਣ ਵਾਲੇ ਨਾ ਰਹਿਣ।

ਮਨੂ ਸ੍ਰਿਮਤਿ ਵਿਚ ਲਿਖਿਆ ਹੈ:-

"ਯੋ ਅਹਿੰਸਕਾਧਿ ਭੂਤਾਨਿ ਹਿਨਸਤਿ ਆਤਮ ਸੁਖ ਇਛਯਾ।
ਸ ਜੀਵੰਸਚ ਮ੍ਰਿਤ ਸ੍ਵੈਵ ਨ ਕ੍ਵਚਿਤ ਸੁਖ ਮੇਧਤੇ।"

ਜੋ ਗਊ, ਬੈਲ, ਬਕਰੀ, ਭੇਡ, ਮੁਰਗੀ, ਤਿਤਰ, ਬਟੇਰਾ ਆਦਿ ਜਾਨਵਰ ਹਨ, ਇਨ੍ਹਾਂ ਨੂੰ ਮਾਰਕੇ ਜੋ ਸੁਖ ਚਾਹੁੰਦਾ ਹੈ, ਉਹ ਨਾ ਤਾਂ ਇਥੇ, ਨਾ ਹੀ ਪ੍ਰਲੋਕ ਵਿਚ ਸੁਖ ਪ੍ਰਾਪਤ ਕਰ ਸਕੇਗਾ।

"ਨਾ ਕ੍ਰਿਤ੍ਵਾ ਪ੍ਰਾਣਿ ਨਾ ਹਿੰਸਾਮਾਸੰਉਤਪਦ ਤੇ ਕ੍ਵੱਚਿਤ॥
ਨ ਚ ਪ੍ਰਾਣਿ ਬਸ: ਸ੍ਵਰਗਸ ਤਸਮਾਤ ਮਾਸੰ ਵਿਵਰ ਜਯੇਤ॥"

ਜੀਵ ਘਾਤ ਕੀਤੇ ਬਿਨਾਂ ਮਾਸ ਨਹੀਂ ਬਣਦਾ ਤੇ ਨਾ ਹੀ ਜੀਵ-ਘਾਤ ਕਰਕੇ ਕੋਈ ਸ੍ਵਰਗ ਨੂੰ ਜਾਂਦਾ ਵੇਖਿਆ ਹੈ।

ਇਕ ਥਾਂ ਤੇ ਲਿਖਿਆ ਹੈ:-

"ਵਰਸ਼ੇ ਵਰਸ਼ੇ ਅਸ੍ਵਮੇ ਧੇਨ ਯੋਯਜੇਤ ਸ਼ਤੰਸਮਾ

Sri Satguru Jagjit Singh Ji Elibrary NamdhariElibrary@gmail.com

ਮਾਂਸਾਨਿ ਚ ਨ ਖਾਂਦੇ ਯਦਿ ਤਯੋ ਪ੍ਰਨ ਫਲੰ ਸਸਮੰ ॥"

ਜੋ ਆਪਣੀ ਉਮਰ ਵਿਚ ੧੦੫ ਅਸ੍ਵਮੇਧ ਯੱਗ ਕਰੇ ਉਹਦੇ ਬਰਾਬਰ ਮਾਸ ਨਾ ਖਾਣ ਵਾਲੇ ਨੂੰ ਉਤਨਾ ਹੀ ਫਲ ਮਿਲਦਾ ਹੈ। ਇਸ ਤੋਂ ਬਿਨਾਂ 'ਚਾਣਿਕ ਨੀਤੀ' ਵਿਚ ਲਿਖਿਆ ਹੈ:–

"ਮਾਸ ਭਖਛ ਮਦਰਾ ਪਿਯਤ, ਮੂਰਖ ਅਖਰ ਹੀਨ ॥
ਨਰਾਕਾਰ ਪਸੂਭਾਰ ਯਹ, ਪ੍ਰਿਥਵੀ ਨਹਿ ਸਤ ਤੀਨ ॥"

ਸੋ ਕਿਸੇ ਵੀ ਧਾਰਮਕ ਗ੍ਰੰਥ ਵਿਚ ਮਾਸ ਖਾਣ ਦੀ ਆਗਿਆ ਨਹੀਂ ਦਿਤੀ ਹੋਈ। ਹੁਣ ਸਵਾਲ ਇਹ ਉਠਦਾ ਹੈ ਕਿ ਜੇਕਰ ਸਭ ਧਰਮਾਂ ਵਿਚ ਮਾਸ ਖਾਣਾ ਮਨ੍ਹਾਂ ਹੈ ਤਾਂ ਫਿਰ ਵੀ ਇਸ ਨੂੰ ਕਿਉਂ ਵਰਤਿਆ ਜਾਂਦਾ ਹੈ? ਆਪਣੀ ਨੀਤੀ ਅਤੇ ਸਭਿਅਤਾ ਨੂੰ ਛਡਕੇ. ਆਪਣੇ ਸਤਿਗੁਰਾਂ ਦੀ ਗੁਰਬਾਣੀ ਨੂੰ ਬਿਨਾਂ ਪੜ੍ਹੇ, ਸਮਝੇ ਅਤੇ ਪੱਛਮੀ ਸਭਿਅਤਾ ਦੇ ਅਨੁਸਾਰ ਪ੍ਰਚਾਰਿਆ ਜਾ ਰਿਹਾ ਹੈ ਜਿਸ ਕਾਰਨ ਇਸ ਸਿੱਖੀ ਵਿਚ ਵੀ ਕੁਰੀਤੀਆਂ ਆਈਆਂ ਤੇ ਆ ਰਹੀਆਂ ਹਨ। ਅੰਗਰੇਜ਼ੀ ਮਤ ਅਤੇ ਮਨ ਮੱਤ ਵਾਲੇ ਸੱਜਣ ਬਿਨਾਂ ਕਿਸੀ ਪ੍ਰਮਾਨ ਦੇ ਰੇਤ ਦੀ ਨੀਂਹ ਤੇ ਖਲੋਤੇ ਹੋਏ ਹਨ ਪਰ ਆਪਣੀ ਜਿਦ ਨੂੰ ਨਹੀਂ ਛਡਦੇ। ਇਹੋ ਕਾਰਨ ਹੈ ਕਿ ਸਿਖ-ਧਰਮ ਦਿਨੋ ਦਿਨ ਆਪਣੇ ਗੁਰੂਆਂ ਦੇ ਹੁਕਮਾਂ ਤੋਂ ਦੁਰੇਡਾ ਹੁੰਦਾ ਜਾ ਰਿਹਾ ਹੈ। ਇਹ ਗ਼ਲਤ ਰੀਤ ਸਿੱਖਾਂ ਵਿਚ ਇਕ ਭਾਰੀ ਭੁਲੇਖਾ ਹੈ। ਧੰਨ ਹਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੇ ਸਾਨੂੰ ਇਸ ਚਿੱਕੜ 'ਚੋਂ ਕਢਿਆ ਗੁਰ ਸਿੱਖੀ ਦੀਆਂ ਲੀਹਾਂ ਤੇ ਤੋਰਿਆ ਅਤੇ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਲੋੜ ਹੈ ਅੱਜ ਉਨ੍ਹਾਂ ਪ੍ਰਚਾਰਕਾਂ ਦੀ, ਜਿਹੜੇ ਸੱਚੇ ਮਨੋਂ ਹੋਕੇ, ਗੁਰਬਾਣੀ ਦੇ ਅਨੁਸਾਰ ਮਾਸ ਖਾਣ ਦੇ ਗਲਤ ਭੁਲੇਖੇ ਨੂੰ ਸਿੱਖਾਂ ਵਿਚੋਂ ਅਤੇ ਦੂਜੇ ਸੱਜਣਾਂ 'ਚੋਂ ਦੂਰ ਕਰਨ।

Sri Satguru Jagjit Singh Ji Elibrary NamdhariElibrary@gmail.com

# ਸ਼ਾਕਾਹਾਰੀ ਕੁਤੀ

ਮੂਲ ਲੇਖਕ-ਜੌਨ ਵਿਊਜਮੈਨ
ਅਨੁਵਾਦਕ ਸਵਰਨ ਸਿੰਘ ਸਨੇਹੀ

ਸਲੋਤਰੀਆਂ, ਸਾਧਾਰਨ ਆਦਮੀਆਂ ਤੇ ਕੌਮੀ ਪਤਰਾਂ ਵਿਚ ਛਪਦੀਆਂ ਦਲੀਲਾਂ ਵਿਚ ਇਹ ਗੱਲ ਸਦਾ ਹੀ ਝਗੜੇ ਵਾਲੀ ਰਹੀ ਹੈ ਕਿ ਕੀ ਕੁਤੇ ਨੂੰ ਸ਼ਾਕਾਹਾਰੀ ਭੋਜਨ ਤੇ ਪਾਲਣਾ ਚਾਹੀਦਾ ਹੈ? ਬਹੁਤੇ ਸਲੋਤਰੀ ਇਹ ਕਹਿਕੇ ਕੁਤੇ ਲਈ ਸ਼ਾਕਾਹਾਰੀ ਭੋਜਨ ਦਾ ਵਿਰੋਧ ਕਰਦੇ ਹਨ ਕਿ ਕੁੱਤਾ ਇਕ ਮਾਂਸਾਹਾਰੀ ਜਾਨਵਰ ਹੈ ਤੇ ਇਸ ਨੂੰ ਪੂਰਨ ਸਿਹਤਵੰਦ ਰਖਣ ਲਈ ਵਡੇ ਕੁਤੇ ਨੂੰ ਦਿਨ ਵਿਚ ਘਟੋ ਘਟ ਇਕ ਪੌਂਡ ਤੇ ਛੋਟੇ ਨੂੰ ਅਧਾ ਪੌਂਡ ਮਾਸ ਜ਼ਰੂਰ ਦੇਣਾ ਚਾਹੀਦਾ ਹੈ ਨਹੀਂ ਤਾਂ ਵਿਟਾਮਿਨਾਂ ਤੇ ਪਰੋਟੀਨ ਦੇ ਘਾਟੇ ਕਾਰਨ ਠੀਕ ਨਹੀਂ ਰਹੇਗਾ ਤੇ ਫਲ ਸ੍ਵਰੂਪ ਉਸ ਦੀ ਸਿਹਤ ਭੈੜੀ ਹੋ ਜਾਇਗੀ, ਖਲੜੀ ਖ਼ਰਾਬ ਤੇ ਦੰਦ ਜਰਜਰੇ ਹੋ ਜਾਣਗੇ।

ਮੈਂ ਇਹ ਗੱਲ ਉਸ ਸਲੋਤਰੀ ਨਾਲ ਛੇੜਨੀ ਪਸੰਦ ਕਰਾਂਗਾ ਜੋ ਇਸ ਗਲੋਂ ਪੂਰੀ ਤਰ੍ਹਾਂ ਮੁਨਕਰ ਹੈ ਕਿ ਕੁੱਤਾ ਸ਼ਾਕਾਹਾਰੀ ਭੋਜਨ ਤੇ ਜੀਊਂਦਾ ਨਹੀਂ ਰਹਿ ਸਕਦਾ ਕਿਉਂਕਿ ਮੈਂ ਉਸ ਸਲੋਤਰੀ ਦੀ ਗੱਲ ਨੂੰ ਗ਼ਲਤ ਸਿਧ ਕਰ ਸਕਦਾ ਹਾਂ। ਮੇਰੀ ਕੁਤੀ ਗਵਾਈਨਥ, ਜੋ ਕਾਲੇ ਚਿਟੇ ਡਬਿਆਂ ਵਾਲੀ ਤੇ ਇਕ ਵੈਲਸ਼ ਜਾਤੀ ਦੀ ਹੈ, ਸਤਾਂ ਹਫਤਿਆਂ ਦੀ ਉਮਰ ਤੋਂ ਲੈ ਕੇ ਕੁਤਿਆਂ ਦੀ ਆਮ ਖ਼ੁਰਾਕ (ਬਿਸ-ਕੁਟ, ਕਬਾਬ ਵਿਚ ਰਲਾਇਆ ਜਾਣ ਵਾਲਾ ਗਰੀ ਮੇਵਾ ਜਾਂ ਮੱਠੀ ਅੱਗ ਤੇ ਪਕਾਇਆ ਕਤਲੰਮਾ, ਜਿਗਰ, ਗੁਰਦਾ ਆਦਿ-ਅਸਲ ਵਿਚ ਇਜੇਹੇ ਚੰਗੇ ਭੋਜਣ ਤੇ ਜਿਸਨੂੰ ਕੁੱਤਾ ਚਾਹਕੇ ਖਾਂਦਾ ਹੈ ਤੇ

Sri Satguru Jagjit Singh Ji Elibrary NamdhariElibrary@gmail.com

ਜਿਵੇਂ ਮੈਂ ਵੀ ਖਿਆਲ ਕਰਦਾ ਸਾਂ) ਤੇ ਪਾਲੀ ਗਈ। ਉਹ ਕਦੇ ਵੀ ਸਿਹਤਵੰਦ ਤੇ ਬਲਵਾਨ ਕਤੂਰੀ ਨਾ ਬਣ ਸਕੀ ਸਗੋਂ ਸਦਾ ਹੀ ਉਸਦੇ ਹਾਜ਼ਮੇ ਵਿਚ ਵੀ ਨੁਕਸ ਤੇ ਭੁਖ ਦਾ ਘਾਟਾ ਪਿਆ ਰਹਿੰਦਾ। ਇਸ ਸਮੇਂ ਤਕ ਉਹ ਦੋ ਸਾਲ ਦੀ ਹੋ ਗਈ ਸੀ। ਉਹਦੀ ਆਮ ਹਾਲਤ ਕੋਈ ਚੰਗੇਰੀ ਨਹੀਂ ਸੀ। ਸਗੋਂ ਦਸਤਾਂ ਤੇ ਰੋਗਾਂ ਦੇ ਹੱਲੇ ਜਾਰੀ ਰਹੇ। ਅਸੀਂ ਸਾਰੇ ਸ਼ਾਕਾਹਾਰੀ ਹਾਂ ਤੇ ਮੈਂ ਦੇਖਿਆ ਕਿ 'ਗਵਾਈਨਥ' ਨੇ ਸਬਜ਼ੀਆਂ ਵਿਚ, ਸਾਰੇ ਸ਼ਾਕਾਹਾਰੀ ਭੋਜਨਾ ਵਿਚ, ਤੇ ਵਿਸ਼ੇਸ਼ ਕਰਕੇ ਫਲਾਂ ਤੇ ਗਰੀਦਾਰ ਮੇਵਿਆਂ ਵਿਚ, ਬਹੁਤੀ ਦਿਲ-ਚਸਪੀ ਦਿਖਾਈ। ਇਸ ਗੱਲ ਨੇ ਸਾਨੂੰ ਉਸ ਦਾ ਪਹਿਲਾਂ ਵਾਲਾ ਭੋਜਨ ਬਦਲ ਕੇ ਆਪਣੇ ਵਾਲਾ ਭੋਜਨ ਉਸਨੂੰ ਦੇਣ ਲਈ ਪ੍ਰੇਰਿਆ। ਹੌਲੀ ਹੌਲੀ ਇਹ ਵੀ ਕਰ ਦਿਤਾ ਗਿਆ। ਮਾਸ ਦੇ ਥਾਂ ਸਬਜ਼ੀਆਂ ਵਿਚ ਮੱਛੀ ਰਲਾ ਕੇ.ਤੇ ਫਿਰ ਮੱਛੀ ਦੀ ਮਿਕਦਾਰ ਹੌਲੀ ਹੌਲੀ ਇਥੋਂ ਤਕ ਘਟਾ ਦਿਤੀ ਗਈ ਕਿ ਉਹ ਸ਼ਾਕਾਹਾਰੀ ਭੋਜਨ ਤੇ ਹੀ ਰਹਿਣ ਲਗ ਪਈ। ਹੁਣ ਉਸਦੇ ਭੋਜਨ ਵਿਚ ਹਰੀਆਂ ਸਬਜ਼ੀਆਂ (ਜਿਨ੍ਹਾਂ ਵਿਚ ਬਿਸਕੁਟਾਂ ਵਾਲਾ ਭੋਜਨ ਰਲਿਆ ਹੁਦਾ ਹੈ) ਇਕ ਸ਼ਾਕਾਹਾਰੀ ਪ੍ਰੋਟੀਨ ਜਿਵੇਂ ਕਿਸੇ ਤਰ੍ਹਾਂ ਦਾ ਗਰੀਦਾਰ ਮੇਵਾ, ਮਾਂਹ, ਕਢੇ ਹੋਏ ਮਟਰ ਜਾਂ ਦੁਧ ਭਿਜੀਆਂ ਰਵਾਹਾਂ ਦੀਆਂ ਟਿਕੀਆਂ ਸ਼ਾਮਲ ਹਨ। ਹਡੀਆਂ ਦੀ ਥਾਂ ਉਹ ਅਖਰੋਟ ਜਾਂ ਬਰਾਜ਼ੀਲੀ ਗਰੀਦਾਰ ਮੇਵਾ ਖਾਂਦੀ ਹੈ ਜਿਸਨੂੰ ਉਹ ਆਪ ਹੀ ਮੂੰਹ ਨਾਲ ਭੰਨਣ ਪਿਛੋਂ ਸੁਟ ਕੇ ਗਿਰੀ ਖਾ ਲੈਂਦੀ ਹੈ।

ਗਵਾਈਨਥ ਹੁਣ ਲਗ ਪਗ ਪੰਜ ਸਾਲਾਂ ਦੀ ਹੈ। ਉਸ ਤੋਂ ਚੰਗੇਰੀ ਸਿਹਤ ਵਾਲੀ ਤੇ ਹਸਮੁਖ ਕੁਤੀ ਸ਼ਾਇਦ ਹੀ ਕਦੇ ਕਿਸੇ ਨੂੰ ਦੇਖਣ ਨੂੰ ਮਿਲੀ ਹੋਵੇ। ਉਸ ਦਾ ਨਵਾਂ ਭੋਜਨ ਚਾਲੂ ਹੋਣ ਦੇ ਛੇ ਮਹੀਨਿਆਂ ਵਿਚ ਹੀ ਉਸਦੀਆਂ ਹਾਜ਼ਮੇ ਸਬੰਧੀ ਸਾਰੀਆਂ ਸ਼ਕਾਇਤਾਂ ਦੂਰ ਹੋ ਗਈਆਂ ਹਨ। ਹੁਣ ਉਹ ਇਕ ਦਿਨ ਵੀ ਰੋਗਣ ਨਹੀਂ

ਹੋਈ। ਚਮੜੀ ਤੇ ਦੰਦ ਵੀ ਉਸ ਦੇ ਚੰਗੀ ਹਾਲਤ ਵਿਚ ਹਨ। ਉਸ ਦੀ ਨਜਰ ਤੇ ਚਮੜੀ ਦੀ ਵਧੀਆ ਹਾਲਤ ਬਾਰੇ ਕਈ ਵਾਰ ਗਲ ਬਾਤ ਛਿੜ ਚੁਕੀ ਹੈ ਤੇ ਮੈਨੂੰ ਪੁਛਿਆ ਗਿਆ ਹੈ ਕਿ ਮੈਂ ਉਸ ਨੂੰ ਕਿਹੜਾ ਭੋਜਨ ਦੇਂਦਾ ਹਾਂ ? ਕੁਦਰਤੀ ਤੌਰ ਤੇ ਹੁਣ ਉਹਦੀ ਦੂਜੇ ਜਾਨਵਰਾਂ ਨੂੰ ਮਾਰਨ ਜਾਂ ਉਨ੍ਹਾਂ ਦਾ ਸ਼ਿਕਾਰ ਕਰਨ ਦੀ ਕੋਈ ਇਛਾ ਨਹੀਂ। ਅਸਲ ਵਿਚ ਮੈਂ ਕਈ ਵਾਰ ਦੇਖਿਆ ਹੈ ਕਿ ਉਹ ਬਿਨਾਂ ਕਿਸੇ ਤਰ੍ਹਾਂ ਦਾ ਨੁਕਸਾਨ ਪੁਚਾਇਆਂ, ਨਿਕੇ ਜੀਵਾਂ ਨਾਲ ਖੇਡਣ ਤੇ ਉਹਨਾਂ ਨੂੰ ਖੇਡਦਿਆਂ ਵੇਖਣ ਵਿਚ ਬਹੁਤ ਦਿਲਚਸਪੀ ਦਿਖਾਉਂਦੀ ਹੈ। ਬਹੁਤੀ ਵਾਰ ਉਹ ਚੂਹੀ ਚਚੂੰਦਰਾਂ ਅਪਣੇ ਮੂੰਹ ਵਿਚ ਫੜ ਕੇ ਬਿਨਾਂ ਕਿਸੇ ਤਰ੍ਹਾਂ ਦੀ ਹਾਨੀ ਕੀਤਿਆਂ ਇਥੋਂ ਤਕ ਕਿ ਕਈ ਵਾਰ ਉਨ੍ਹਾਂ ਦੇ ਸਰੀਰ ਉਪਰਲੇ ਵਾਲ ਵੀ ਗਿਲੇ ਨਹੀਂ ਹੁੰਦੇ—ਮੇਰੇ ਕੋਲ ਲਿਆਉਂਦੀ ਹੈ।

ਗਵਾਈਨਥ ਪਹਿਲੀ ਹੀ ਕੁਤੀ ਨਹੀਂ ਜਿਸਨੇ ਮਾਂਸਾਹਾਰੀ ਭੋਜਨ ਤੋਂ ਬਦਲਕੇ ਸ਼ਾਕਾਹਾਰੀ ਭੋਜਨ ਅਪਣਾਇਆ ਹੈ। ਛੋਟੀ ਟਾਈਕਾ (ਇਕ ਅਫਰੀਕਨ ਸ਼ੇਰਨੀ) ਜਿਸਨੂੰ ਅਮਰੀਕਨ ਜਾਰਜ ਐਚ. ਵੈਸਟਬਾਓ ਨੇ ਸਿਰਫ ਸ਼ਾਕਾਹਾਰੀ ਭੋਜਨ ਤੇ ਪਾਲਿਆ ਸੀ, ਇਕ ਬਲੂੰਗੜੇ, ਇਕ ਲੇਲੇ ਤੇ ਇਕ ਦਿਨ ਦੀ ਉਮਰ ਦੇ ਚੂਚਿਆਂ ਦੀ ਪੱਕੀ ਸਾਥਣ ਸੀ। ਇਉਂ ਸ਼ਾਇਦ ਇਕ ਦਿਨ ਸ਼ੇਰ ਤੇ ਲੇਲਾ ਇਕੱਠੇ ਹੋ ਜਾਣਗੇ।

Sri Satguru Jagjit Singh Ji Elibrary NamdhariElibrary@gmail.com

# ਸਿਖਾਂ ਵਿਚ ਮਾਂਸਾਹਾਰ

ਸਵਰਨ ਸਿੰਘ

(ਕਰੀਵਾਲਾ)

ਸਿੰਧ ਵਿੱਚ ਰਹਿ ਕੇ ਆਏ ਕੁਝ ਸਿੰਘਾਂ ਨੇ ਮੈਨੂੰ ਦਸਿਆ ਕਿ ਓਥੇ ਇੱਕ ਅਜਿਹੀ ਜ਼ਾਤ ਦੇ ਮੁਸਲਮਾਨ ਵੀ ਰਹਿੰਦੇ ਹਨ ਜੋ ਵਹਿੜਕੇ ਖੱਸੀ ਕਰਾਉਣੇ ਤਾਂ ਇੱਕ ਬੰਨੇ ਰਹੇ, ਖੱਸੀ ਕੀਤੇ ਹੋਏ ਵੀ ਨਹੀਂ ਵਾਹੁੰਦੇ। ਜਦੋਂ ਉਹਨਾਂ ਤੋਂ ਪੁੱਛਿਆ ਗਿਆ ਕਿ ਤੁਸੀਂ ਅਜਿਹਾ ਕਿਉਂ ਕਰਦੇ ਹੋ ਅਤੇ ਆਂਡਲ ਢੱਗੇ ਹੀ ਵਾਹੁੰਦੇ ਹੋ ਤਾਂ ਉਨ੍ਹਾਂ ਅੱਲਾ ਦੇ ਪਿਆਰਿਆਂ ਨੇ ਕਿਹਾ ਕਿ ਅਜਿਹਾ ਉਨ੍ਹਾਂ ਦੇ ਪੀਰ ਜੀ ਦਾ ਹੁਕਮ ਹੈ। ਨਿਰਸੰਦੇਹ ਹੀ ਅਜਿਹੇ ਪੀਰ ਜੀ ਅੱਗੇ ਸਭ ਦਾ ਸਿਰ ਝੁਕ ਜਾਂਦਾ ਹੈ. ਜੋ ਜੀਵ ਮਾਰਨਾ ਤਾਂ ਇੱਕ ਬੰਨੇ ਰਿਹਾ, ਸਗੋਂ ਉਸਨੂੰ ਖੱਸੀ ਕਰਨਾ ਵੀ ਘੋਰ ਪਾਪ ਸਮਝਦੇ ਹਨ। ਪਾਠਕ ਸੋਚ ਸਕਦੇ ਹਨ ਕਿ ਇਸਲਾਮ ਵਿੱਚ ਮਾਸ ਖਾਣ ਦੀ ਇਜ਼ਾਜ਼ਤ ਕਿੱਥੋਂ ਤੱਕ ਦਿੱਤੀ ਜਾ ਸਕਦੀ ਹੈ। ਕਈ ਕੱਟੜ ਮੁਸਲਮਾਨ ਵੀ ਤੇ ਹਿੰਦੂ ਵੀ ਸਿੱਖਾਂ ਦੇ ਹੱਥੋਂ ਪਾਣੀ ਵੀ ਨਹੀਂ ਪੀਂਦੇ, ਸਿਰਫ ਇਸ ਕਰਕੇ ਕਿ ਇਹ ਮਾਸ ਖਾਂਦੇ ਹਨ।

ਆਪਣੇ ਭਾਰਤ ਦੇ ਪਿਛੋਕੜ ਤੇ ਜ਼ਰਾ ਕੁ ਨਜ਼ਰ ਮਾਰੋ। ਸ਼ਾਕਯ ਵੰਸ਼ ਦੇ ਸੂਰਜ, ਸ਼ੁਧੋਧਨ, ਇੱਕ ਹੰਸ ਨੂੰ ਸ਼ਿਕਾਰੀ ਦੇ ਤੀਰ ਨਾਲ ਫੁੰਡਿਆ ਵੇਖ ਕੇ ਕਿੰਜ ਕੁਰਲਾ ਉੱਠੇ ਸਨ ਤੇ ਬਾਅਦ ਵਿੱਚ ਜਦੋਂ ਉਹ "ਮਹਾਤਮਾ ਬੁੱਧ" ਬਣ ਗਏ ਤਾਂ ਉਨ੍ਹਾਂ ਨੇ ਹਜ਼ਾਰਾਂ ਭੇਡਾਂ ਦੀ ਜਾਨ ਬਚਾਈ। ਉਨ੍ਹਾਂ ਨੇ ਮੁਕਤੀ ਦੀ ਪ੍ਰਾਪਤੀ ਲਈ

Sri Satguru Jagjit Singh Ji Elibrary NamdhariElibrary@gmail.com

ਉਸ "ਅਸ਼ਟ ਮਾਰਗ" ਤੇ ਚੱਲਣਾਂ ਜ਼ਰੂਰੀ ਦੱਸਿਆ ਤੇ ਅਹਿੰਸਾ ਅਥਵਾ ਕਿਸੇ ਵੀ ਜੀਵ ਨੂੰ ਦੁੱਖ ਨਾਂ ਦੇਣਾ ਇਸ 'ਅਸ਼ਟ ਮਾਰਗ' ਦਾ ਜ਼ਰੂਰੀ ਅੰਗ ਹੈ। ਬੁੱਧ ਜਦ ਤਕ ਜਿਊਂਦੇ ਰਹੇ, "ਅਹਿੰਸਾ ਪਰਮੋ ਧਰਮਾ" ਦੇ ਸਿਧਾਂਤ ਨੂੰ ਪਰਚਾਰਦੇ ਰਹੇ। ਉਨ੍ਹਾਂ ਦੇ ਦੇਹਾਂਤ ਦਾ ਵੀ ਸ਼ਾਇਦ ਇਹ ਹੀ ਕਾਰਨ ਸੀ ਕਿ ਕੁਸ਼ੀ ਨਗਰ ਵਿੱਚ ਉਨ੍ਹਾਂ ਦੇ ਇੱਕ ਸੇਵਕ ਵਲੋਂ ਉਨ੍ਹਾਂ ਨੂੰ "ਸੂਰ ਦਾ ਮੁਰੱਬਾ" ਖੁਵਾਇਆ ਗਿਆ ਸੀ। ਉਨ੍ਹਾਂ ਤੋਂ ਬਾਅਦ ਮਹਾਰਾਜਾ ਅਸ਼ੋਕ ਤੇ ਕਨਿਸ਼ਕ ਨੇ ਵੀ ਬੁੱਧ ਦੇ ਅਸੂਲ ਨੂੰ ਪਰਚਾਰਿਆ।

ਮੌਰੀਆ ਕਾਲ ਦੇ ਇਤਿਹਾਸ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਮਾਸ ਸ਼ਰਾਬ ਦੀ ਵਰਤੋਂ ਸਿਰਫ ਚੰਡਾਲ ਲੋਕ ਕਰਦੇ ਸਨ, ਜੋ ਕਿ ਸ਼ਹਿਰੋਂ ਬਾਹਰ ਰਹਿੰਦੇ ਸਨ। ਜਦੋਂ ਉਨ੍ਹਾਂ ਨੇ ਸ਼ਹਿਰ ਵਿੱਚ ਦਾਖਲ ਹੋਣਾ ਹੁੰਦਾ ਸੀ ਤਾਂ ਇੱਕ ਖਾਸ ਕਿਸਮ ਦੀ ਚਿਤਾਵਨੀ ਸਾਰੇ ਨਗਰ-ਵਾਸੀਆਂ ਨੂੰ ਦਿੱਤੀ ਜਾਂਦੀ ਸੀ, ਤਾਂਜੁ ਲੋਕ ਉਨ੍ਹਾਂ ਨਾਲ ਲੱਗਕੇ ਆਪਣਾ ਜੀਵਨ ਭਰਿਸ਼ਟ ਨਾ ਕਰ ਲੈਣ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਪੁਰਾਤਨ ਹਿੰਦੂ ਮਾਸ ਨਹੀਂ ਸਨ ਖਾਂਦੇ ਸਗੋਂ ਬਾਅਦ ਵਿੱਚ ਵਿਦੇਸ਼ੀਆਂ ਦੇ ਹਮਲਿਆਂ ਦੇ ਪ੍ਰਭਾਵ ਨਾਲ ਮਾਸ ਦਾ ਰਿਵਾਜ ਉਨ੍ਹਾਂ ਵਿੱਚ ਪ੍ਰਚਲਿਤ ਹੋਇਆ।

ਈਸਾ ਜੀ ਨੂੰ ਬਰਤਾਨਵੀ ਕਵਿਤਾ ਵਿੱਚ ਇੱਕ ਲੇਲੇ ਦੇ ਰੂਪ ਵਿੱਚ ਪ੍ਰਗਟ ਕੀਤਾ ਹੁੰਦਾ ਹੈ ਅਤੇ "ਲੇਲਾ", ਇਕ ਅਬੋਧ ਜੀਵ ਦਾ ਵਿਅਕਤੱਤਵ ਜ਼ਾਹਿਰ ਕਰਦਾ ਹੈ। ਸੋ ਇਹ ਵੀ ਅਹਿੰਸਾ ਦਾ ਪ੍ਰਤੀਕ ਸਾਬਤ ਹੁੰਦਾ ਹੈ।

ਹੁਣ ਆਓ ਆਪਣੀ ਗੁਰਬਾਣੀ ਵੱਲ। ਮਾਸ ਛਕਣ ਵਾਲਿਆਂ ਨੇ ਗੁਰਬਾਣੀ ਦੇ ਗਲਤ ਅਰਥ ਕਰਨੇ ਸ਼ੁਰੂ ਕਰ ਦਿੱਤੇ ਹਨ ਤੇ ਉਹ ਆਪਣੇ ਪੱਖ ਦੀ ਪੂਰਤੀ ਲਈ ਅਰਥ ਦੇ ਅਨਰਥ

Sri Satguru Jagjit Singh Ji Elibrary NamdhariElibrary@gmail.com

ਕਰਨੋਂ ਰਤਾ ਵੀ ਨਹੀਂ ਸੰਕੋਚਦੇ। ਪਰ ਜੇ ਗਿਆਨ ਦੀ ਰੋਸ਼ਨੀ ਵਿੱਚ ਗੁਰਬਾਣੀ ਨੂੰ ਵਾਚਿਆ ਜਾਵੇ ਤਾਂ ਕਿਤੋਂ ਵੀ ਅਜਿਹਾ ਸੰਕੇਤ ਨਹੀਂ ਮਿਲਦਾ ਜੋ ਮਾਸ ਖਾਣਾ ਯੋਗ ਦੱਸਦਾ ਹੋਵੇ। ਇਹ ਕੰਮ ਨਿਰਾ ਗੁਰਬਾਣੀ ਤੱਕ ਹੀ ਸੀਮਤ ਨਹੀਂ ਸਗੋਂ ਗੁਰੂ ਸਾਹਿਬਾਂ ਦੇ ਜੀਵਨ ਨਾਲ ਸਬੰਧਤ ਕਲਪਿਤ ਘਟਨਾਵਾਂ ਘੜ ਕੇ ਵੀ ਉਨ੍ਹਾਂ ਆਪਣਾ ਪੱਖ ਪੂਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਵਿਚਾਰ ਕਸਵੱਟੀ ਤੇ ਇਹ ਸਭ ਢਕੌਂਸਲੇ ਨਿਰਮੂਲ ਸਾਬਤ ਹੁੰਦੇ ਹਨ।

ਕੁਝ ਚੀਜ਼ਾਂ 'ਪ੍ਰਤੱਖ' ਕਹੀਆਂ ਜਾਂਦੀਆਂ ਹਨ ਅਤੇ ਕੁਝ 'ਲੁਕਵੀਆਂ'। ਗੁਰਬਾਣੀ ਵਿੱਚ ਮਾਸ ਖਾਣ ਦੀ ਮਨਾਹੀ ਥਾਂ ਥਾਂ ਤੇ ਕੀਤੀ ਹੈ, ਪਰ ਬਹੁਤੇ ਥਾਈਂ ਲੁਕਵੇਂ ਰੂਪ ਵਿੱਚ। ਤੇ 'ਦਯਾ ਸ਼ਬਦ ਲੁਕਵੇਂ ਰੂਪ ਵਿੱਚ ਮਾਸ ਖਾਣ ਵਾਲਿਆਂ ਨੂੰ ਵੰਗਾਰਦਾ ਹੈ ਅਤੇ ਲਾਨ੍ਹਤ ਪਾਉਂਦਾ ਹੈ। ਗੁਰੂ ਸਾਹਿਬਾਨ ਨੇ ਥਾਂ ਥਾਂ ਤੇ 'ਦਯਾ' ਉੱਤੇ ਹੀ ਜੋਰ ਪਾਇਆ ਹੈ। ਮਿਸਾਲ ਵਜੋਂ:-

"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ"

"ਦਇਆਲੰ ਸਰਬਤ੍ਰ ਜੀਆ" (ਮਹੱਲਾ ਪਵਾਂ)

"ਧੌਲੁ ਧਰਮੁ ਦਇਆ ਕਾ ਪੂਤੁ"

"ਭੁਗਤਿ ਗਿਆਨੁ ਦਇਆ ਭੰਡਾਰਣਿ"

ਤੇ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਬਾਰੇ ਵਿਰੋਧੀ ਕਹਿੰਦੇ ਹਨ ਉਹ ਮਾਸ ਛਕਦੇ ਸਨ, ਵੀ ਦਇਆ ਹੀ ਪਾਰਬ੍ਰਹਮ ਨੂੰ ਮਿਲਣ ਦਾ ਰਾਹ ਦੱਸਦੇ ਹਨ:-

"ਅਲਪ ਆਹਾਰ ਸੁਲਪਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।"

ਗੁਰੂ ਨਾਨਕ ਸਾਹਿਬ ਥਾਂ ਥਾਂ ਤੇ ਮਾਸ ਖਾਣ ਵਾਲਿਆਂ ਦਾ ਹਾਲ ਤੱਕ ਕੇ ਉਨ੍ਹਾਂ ਵਿਰੁੱਧ ਰੋਸ ਪ੍ਰਗਟ ਕਰਦੇ ਹਨ:-

Sri Satguru Jagjit Singh Ji Elibrary NamdhariElibrary@gmail.com

"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ।
ਕੂੜ ਬੋਲਿ ਬੋਲਿ ਭਉਕਣਾਂ ਚੂਕਾ ਧਰਮ ਬੀਚਾਰ ।"

ਬਾਣੀ ਥਾਂ ਪੁਰ ਥਾਂ ਮਾਸ ਖਾਣ ਵਾਲਿਆਂ ਦੇ ਮੂੰਹ ਤੇ ਚਪੇੜਾਂ ਮਾਰਦੀ ਹੈ:-

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ।"

ਮਾਣਸ ਦਾ ਭਾਵ ਨਿਰਾ ਮਨੁੱਖ ਹੀ ਨਹੀਂ ਸਗੋਂ ਉਹ ਅਬੋਧ ਜੀਵ ਵੀ ਹਨ ਜੋ ਮਨੁੱਖ ਦੀ ਛੁਰੀ ਦਾ ਸ਼ਿਕਾਰ ਹੁੰਦੇ ਹਨ। ਕਿਉਂ ਜੁ ਗੁਰੂ ਸਾਹਿਬ ਹਰ ਜੀਵ ਵਿੱਚ ਇਕੋ ਜਹੀ ਆਤਮਾ ਦਾ ਨਿਵਾਸ ਮੰਨਦੇ ਸਨ।

ਗੁਰੂ ਹਰਗੋਬਿੰਦ ਸਾਹਿਬ ਨੇ ਸ਼ੇਰ ਦਾ ਸ਼ਿਕਾਰ ਕੀਤਾ ਸੀ। ਬਾਣੀ ਦੀ ਇਹ ਤੁੱਕ ਏਥੇ ਘਟਦੀ ਹੈ:-

"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ ।
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ।"

ਗੁਰੂ ਸਾਹਿਬ ਸ਼ੇਰ ਸਨ ਤੇ ਉਨ੍ਹਾਂ ਸ਼ੇਰ ਮਾਰ ਦਿੱਤਾ। ਕਿਉਂਕਿ ਬਹਾਦਰ ਨੇ ਬਹਾਦਰ ਨੂੰ ਮਾਰਿਆ। ਗੁਰੂ ਸਾਹਿਬ ਸਮਰੱਥ ਹੁੰਦੇ ਹਨ ਤੇ ਤੁਲਸੀ ਜੀ ਦੇ ਕਹਿਣ ਮੁਜਬ, "ਸਮਰੱਥ ਕੋ ਨਹਿੰ ਦੋਸ਼ ਗੁਸਾਈ"। ਹਾਂ ਜਦ ਇੱਕ ਤਾਕਤਵਰ ਮਨੁੱਖ ਕਿਸੇ ਅਬੋਧ ਤੇ ਬਲਹੀਨ ਬੱਕਰੇ ਜਾਂ ਮੁਰਗੇ ਦੀ ਗਰਦਨ ਉਡਾ ਦੇਂਦਾ ਹੈ ਤਾਂ ਫਿਰ ਮਾਲਕ (ਰੱਬ) ਉਸਦਾ ਲੇਖਾ ਉਸ ਮਨੁੱਖ ਤੋਂ ਜ਼ਰੂਰ ਲੈਂਦਾ ਹੈ।

ਕਬੀਰ ਜੀ ਕਿਸੇ ਦਾ ਗਲਾ ਕੱਟ ਕੇ ਬਣਾਏ ਭੋਜਨ ਦੀ ਥਾਂ,

Sri Satguru Jagjit Singh Ji Elibrary NamdhariElibrary@gmail.com

ਸਲੂਣੀ ਖਿਚੜੀ ਖਾ ਲੈਣੀ, ਚੰਗੀ ਸਮਝਦੇ ਹਨ:—

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ ।
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ।

ਤੇ ਕਬੀਰ ਜੀ ਇਹ ਵੀ ਕਹਿੰਦੇ ਹਨ ਕਿ ਮਾਸ ਖਾਣ ਵਾਲਿਆਂ ਨੂੰ ਇਹ ਲੇਖਾ ਵੀ ਦੇਣਾ ਪਵੇਗਾ.

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ।
ਦਫਤਰ ਦਈ ਜਬ ਕਾਢਿਹੈ ਹੋਇਗਾ ਕਵਨ ਹਵਾਲੁ ।

ਬਦਲੇ ਦੀ ਭਾਵਨਾ ਮਨੁਖ ਨੂੰ ਹਿੰਸਕ ਬਣਾ ਦਿੰਦੀ ਹੈ ਪਰ ਸ਼ੇਖ ਫਰੀਦ ਜੀ ਮਨੁਖ ਨੂੰ ਹਿੰਸਾ ਤੋਂ ਬਚਣ ਵਾਸਤੇ ਬਦਲੇ ਦੀ ਭਾਵਨਾ ਨੂੰ ਤਿਆਗਣ ਤੇ ਨਿਮਰਤਾ ਧਾਰਨ ਕਰਨ ਤੇ ਜੋਰ ਦਿੰਦੇ ਕਹਿੰਦੇ ਹਨ:—

"ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ।,'

ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹ ਵੇਖੋ, ਥਾਂ ਥਾਂ ਤੇ ਤੁਹਾਨੂੰ ਮਾਸ ਖਾਣ ਦੀ ਵਿਰੋਧਤਾ ਨਜਰ ਆਏਗੀ । ਹੋਰ ਵੀ ਜਿੰਨੇ ਵਿਦਵਾਨ ਸਿੱਖ—ਇਤਿਹਾਸ ਨਾਲ ਸਬੰਧਤ ਹਨ ਉਹ ਮਾਸ ਖਾਣਾ ਨਖਿੱਧ ਕਰਾਰ ਦਿੰਦੇ ਹਨ ।

ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜੋ "ਫਤਹਿ ਦੀ ਚਿੱਠੀ' (ਜ਼ਫੱਰਨਾਮਾ) ਭੇਜੀ, ਉਸ ਵਿਚ ਇਕ ਸ਼ੇਅਰ ਹੈ:—

'ਮਜਨ ਤੇਗ ਬਰ ਖ਼ੂਨ ਕਸ ਬਦਰੇਗ ।
ਤੁਰਾ ਨੀਜ਼ ਓ ਖੂਨ ਰੇਜ਼ਦ ਬਤੇਗ ।"

(ਅਰਥਾਤ, ਕਿਸੇ ਦੀ ਗਰਦਨ ਤੇ ਬੇ-ਰਹਿਮ ਹੋਕੇ ਤਲਵਾਰ ਨਾ ਚਲਾ । ਤੇਰੀ ਗਰਦਨ ਵੀ ਇਕ ਦਿਨ ਅਰਸ਼ੋ ਤੇਗ ਨਾਲ ਕੱਟੀ

Sri Satguru Jagjit Singh Ji Elibrary NamdhariElibrary@gmail.com

ਜਾਏਗੀ) ਹੁਣ ਜੇ ਠੰਢੇ ਦਿਲ ਨਾਲ ਇਸ ਸ਼ੇਅਰ ਤੇ ਵਿਚਾਰ ਕੀਤੀ ਜਾਵੇ ਤਾਂ ਕੀ ਕੋਈ ਸੋਚ ਸਕਦਾ ਹੈ ਕਿ ਅਜਿਹਾ ਪੱਥਰ–ਪੰਘਰਾਊ ਸ਼ੇਅਰ ਲਿਖਣ ਵਾਲੇ ਦਸਮ ਪਾਤਸ਼ਾਹ ਕਦੇ ਮਾਸ ਛਕਣ ਦੀ ਖੁਲ੍ਹ ਦੇ ਸਕਦੇ ਸਨ ? ਖਾਲਸਾ ਪੰਥ ਸਾਜਣ ਵੇਲੇ, ਮਨਮੱਤੀਆਂ ਵਲੋਂ ਕਿਹਾ ਜਾਂਦਾ ਹੈ ਕਿ ਉਨ੍ਹਾਂ ਪੰਜ ਸਿੰਘਾਂ ਦੀ ਥਾਂਵੇ, ਤੰਬੂ ਵਿਚ ਪੰਜ ਬੱਕਰੇ ਝਟਕਾਏ ਸਨ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਦੋਂ ਦੇ ਇੱਕ ਸ਼ਾਹੀ ਜਾਸੂਸ ਦੀ ਡਾਇਰੀ ਦੇ ਅਧਾਰ ਤੇ ਇਹ ਸਾਬਤ ਕਰ ਦਿਤਾ ਸੀ ਕਿ ਬੱਕਰੇ ਨਹੀਂ ਸਗੋਂ ਉਨ੍ਹਾਂ ਨੇ ਸਾਰੀ ਸੰਗਤ ਦੇ ਸਾਹਮਣੇ ਪੰਜ ਸਿੰਘ ਹੀ ਝਟਕਾਏ ਸਨ। ਗੁਰੂ ਗੋਬਿੰਦ ਜੀ ਦੇ ਲੰਗਰ, ਹਜ਼ੂਰ ਸਹਿਬ ਵਿਚ ਅਜੇ ਤਕ ਵੀ ਮਾਸ ਨਹੀਂ ਬਣਦਾ, ਜੋ ਇਸ ਗਲ ਦਾ ਪ੍ਰਤੀਕ ਹੈ ਕਿ ਗੁਰੂ ਜੀਮਾਸ ਨਹੀਂ ਖਾਂਦੇ ਸਨ।

ਕਈ ਲੋਕ ਇਹ ਕਹਿਕੇ ਵੀ ਮਾਸ ਖਾਣ ਦਾ ਪ੍ਰਚਾਰ ਕਰਦੇ ਹਨ ਕਿ ਮਾਸ ਖਾਣ ਨਾਲਮਨੁਖ ਲੜਾਕਾ ਤੇ ਬਹਾਦਰ ਬਣਦਾ ਹੈ। ਕੀ ਅਜਿਹੇ ਸੱਜਣ ਦਸ ਸਕਦੇ ਹਨ ਕਿ ਬਾਬਾ ਫੂਲਾ ਸਿੰਘ ਜੀ ਅਕਾਲੀ, ਜਿਨ੍ਹਾਂ ਇਕ ਦਿਨ ਦੇ ਜੰਗ ਵਿਚ, ਦੁਸ਼ਮਣਾਂ ਦੇ ਛਕੇ ਛੁਡਾ ਦਿਤੇ ਸਨ, ਮਾਸ ਖਾਂਦੇ ਸਨ ? ਸ: ਹਰੀ ਸਿੰਘ ਨਲਵਾ ਨੇ ਖੈਬਰ ਵਲੋਂ ਆਉਣ ਵਾਲੇ ਹਮਲਾਵਰਾਂ ਦਾ ਰਾਹ ਬੰਦ ਕਰ ਦਿਤਾ ਸੀ। ਉਸ ਮਾਸ ਨਾ ਖਾਣ ਵਾਲੇ ਸਿੰਘ ਨੇ,ਦੁੰਬੇ ਖਾ ਖਾ ਪਲੇ ਪਠਾਣਾਂ ਦੇ ਬੱਚਿਆਂ ਨੂੰ ਕੰਬਾ ਦਿਤਾ ਸੀ ਅਤੇ ਅੱਜ ਵੀ ਉਹ "ਚੁਪ ਸ਼ਾ ਹਰੀਆ ਰਾਗਲੇ" ਸੁਣਦਿਆਂ ਹੀ ਕੁਸਕਦੇ ਤਕ ਨਹੀਂ। ਸਰਦਾਰ ਸ਼ਾਮ ਸਿੰਘ 'ਅਟਾਰੀ ਨੇ ਮਾਸਾਹਾਰੀ ਅੰਗਰੇਜ਼ਾਂ ਦੇ ਮੂੰਹਾਂ ਵਿਚ ਘਾਹ ਪੁਆ ਦਿਤਾ ਸੀ ਤੇ ਉਹ 'ਪੂਰਨ ਗੁਰਸਿੱਖ' ਸੀ। ਪੂਰਨ ਗੁਰਸਿੱਖ ਤੋਂ ਮੇਰਾ ਭਾਵ ਉਸ ਵਿਅਕਤੀ ਤੋਂ ਹੈ ਜੋ ਮਾਸ ਵੀ ਨਾ ਖਾਂਦਾ ਹੋਵੇ ਤੇ ਉਸ ਵਿਚ ਸਿਖੀ ਰਹਿਤ ਦੇ ਹੋਰ ਅੰਗ ਵੀ ਪੂਰਨ ਹੋਣ। ਪੂਰਨ ਅਹਿੰਸਕ ਕੂਕਿਆਂ ਦੀਆਂ ਵਾਰਾਂ, ਲੋਕੀਂ ਰਹਿੰਦੀ ਦੁਨੀਆਂ ਤਕ

ਗਾਉਣਗੇ । ਸਰਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਹੋਰਾਂ ਤੇ ਹੋਰ ਕੂਕੇ ਬੀਰਾਂ ਨੇ, ਜਿਸ ਹੌਂਸਲੇ ਤੇ ਬਹਾਦਰੀ ਨਾਲ ਆਪਣੇ ਆਪ ਨੂੰ ਮੌਤ ਦੇ ਮੂੰਹ ਵਿਚ ਸੁਟਿਆ ਸੀ ਤੇ ਤੋਪਾਂ ਅੱਗੇ ਤੂੰਬਾ ਤੂੰਬਾ ਹੋਏ ਸਨ ਉਸਨੂੰ ਵੇਖਕੇ ਮਾਸਾਹਾਰੀ ਅੰਗ੍ਰੇਜ਼ ਵੀ ਦੰਗ ਰਹਿ ਗਏ ਸਨ। ਦੂਰ ਦੀ ਗਲ ਨਹੀਂ, ਅੱਜ ਤੋਂ ਕੋਈ ਚਾਰ ਦਹਾਕੇ ਪਹਿਲਾਂ, ਕਸੂਰ ਦੇ ਰੇਲਵੇ ਸਟੇਸ਼ਨ ਤੇ ਪੰਜ ਕੂਕਿਆਂ,ਸੰਤ ਬਹਾਦਰ ਸਿੰਘ ਜੀ ਤੇ ਬਘੇਲ ਸਿੰਘ ਜੀ ਆਦਿ ਨੇ ਪੰਜ ਸੌ ਫੌਜੀ ਪਠਾਣਾਂ ਨੂੰ ਅੱਗੇ ਲਾ ਲਿਆ ਸੀ। ਇਹ ਕੋਈ ਲੁਕੀ ਛਿਪੀ ਗਲ ਨਹੀਂ ਸਗੋਂ ਕਸੂਰ ਦੇ ਸਾਰੇ ਸ਼ਹਿਰੀਆ ਨੇ ਇਹ ਜੰਗ ਅੱਖੀਂ ਵੇਖੀ ਸੀ। ਹਜ਼ਾਰਾਂ ਉਦਾਹਰਣਾਂ ਅਜਿਹੀਆਂ ਨੇ ਜਿਹੜੀਆਂ ਮਾਸਾਹਾਰੀਆਂ ਤੇ ਅਹਿੰਸਕਾਂ ਦੀ ਜਿੱਤ ਨੂੰ ਵਿਖਾਉਂ-ਦੀਆਂ ਹਨ।

ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਜੀ ਪੂਰਨ ਤੌਰ ਤੇ ਅਹਿੰਸਕ ਤੇ ਸ਼ਾਕਾਹਾਰੀ ਸਨ ਤੇ ਉਨ੍ਹਾਂ ਦੀ ਅਹਿੰਸਾ ਨੂੰ ਦੁਨੀਆਂ ਦੇ ਲੋਕਾਂ ਨੇ ਵੀ ਇਜ਼ਤ ਨਾਲ ਵੇਖਿਆ ਸੀ।

ਅੰਤ ਵਿਚ ਮੈਂ ਇਹ ਹੀ ਕਹਾਂਗਾ ਕਿ ਸਿੱਖ ਧਰਮ ਵਿਚ ਮਾਸ ਖਾਣ ਦੀ ਕਿਤੇ ਵੀ ਆਗਿਆ ਨਹੀਂ। ਮਾਸ ਖਾਣ ਨਾਲ ਮਨੁਖੀ ਹਿਰਦੇ ਵਿਚ ਮਲੇਛ ਪ੍ਰਵਿਰਤੀਆਂ ਦਾ ਆਉਣਾ ਜ਼ਰੂਰੀ ਹੈ। ਜੋ ਮਨੁਖ ਨੂੰ ਰਾਖ਼ਸ਼ ਤਕ ਬਣਾ ਦਿੰਦੀਆਂ ਹਨ। ਪ੍ਰਸਿਧ ਅਕਾਲੀ ਆਗੂ, ਭਾਈ ਰਣਧੀਰ ਸਿੰਘ ਜੀ ਨੇ ਵੀ ਗੁਰਮਤ ਦੇ ਅਸੂਲਾਂ ਅਨੁਸਾਰ, ਮਾਸ ਖਾਣ ਦੀ ਕੱਟੜ ਵਿਰੋਧਤਾ ਕੀਤੀ ਹੈ। ਕਿਉਂਕਿ ਜੇ ਗੁਰੂ ਸਾਹਿਬ ਨੇ ਸਿੱਖਾਂ ਲਈ ਕੁੱਠਾ ਮਨਾਹ ਕੀਤਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਝਟਕਾ ਵਾਜਿਬ ਹੈ। ਕੁਠੇ ਤੇ ਝਟਕੇ ਵਿਚ ਕੋਈ ਮੁਖ ਅੰਤਰ ਨਹੀਂ ਹੈ।

## ਧਨਵਾਦ

ਸ੍ਰੀ ਸਤਿਗੁਰੂ ਜੀ ਦਾ ਜਿਨ੍ਹਾਂ
ਦੀ ਅਪਾਰ ਕਿਰਪਾ
ਨਾਲ ਇਹ ਗੁਲਦਸਤਾ
ਤਿਆਰ ਹੋ ਕੇ
ਆਪ ਦੇ ਹੱਥਾਂ
ਤਕ ਪੁਜ
ਸਕਿਆ
ਹੈ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com